ISSN: 2584-0509



# 1946 ਦੀਆਂ ਪੰਜਾਬ ਅਸੈਂਬਲੀ ਚੋਣਾਂ ਦਾ ਪੁਨਰ ਅਧਿਐਨ: ਚੋਣ ਮਨੋਰਥ ਪੱਤਰ, ਨਤੀਜੇ, ਗਠਨ ਅਤੇ ਵਿਘਟਨ



**ਡਾ. ਕੰਵਲਜੀਤ ਕੌਰ**
ਸਹਾਇਕ ਪ੍ਰੋਫ਼ੈਸਰ,
ਇਤਿਹਾਸ
ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
ਪੰਜਾਬੀ ਯੂਨੀਵਰਸਿਟੀ,
ਪਟਿਆਲਾ
bajwakanwal@ymail.com

ਅਗਸਤ 1945 ਵਿੱਚ ਬ੍ਰਿਟਿਸ਼ ਸਰਕਾਰ ਨੇ ਭਾਰਤ ਵਿੱਚ ਅਸੈਂਬਲੀ ਅਤੇ ਕੇਂਦਰੀ ਚੋਣਾਂ ਦਾ ਐਲਾਨ ਕੀਤਾ। ਇਸ ਨਾਲ ਪੰਜਾਬ ਵਿੱਚ ਰਾਜਨੀਤਿਕ ਪਾਰਟੀਆਂ ਦਰਮਿਆਨ ਧੜੇਬੰਦੀ ਪੈਦਾ ਹੋਣ ਲੱਗੀ।[1] ਚੋਣਾਂ ਵਿੱਚ ਭਾਗ ਲੈਣ ਵਾਲੀਆਂ ਮੁੱਖ ਪਾਰਟੀਆਂ ਸਨ- ਭਾਰਤੀ ਰਾਸ਼ਟਰੀ ਕਾਂਗਰਸ, ਮੁਸਲਿਮ ਲੀਗ, ਸਿੱਖ ਪੰਥਕ ਪਾਰਟੀਆਂ, ਯੂਨਿਅਨਿਸਟ ਪਾਰਟੀ, ਕਮਿਊਨਿਸਟ ਪਾਰਟੀ, ਮਜਲਿਸ-ਏ-ਅਹਿਰਾਰ-ਏ-ਇਸਲਾਮ ਅਤੇ ਖਾਕਸਰ। ਪੰਜਾਬ ਕਾਂਗਰਸ ਦੇ ਮੁੱਖ ਪ੍ਰਤੀਨਿਧ ਸਰਦਾਰ ਕਪੂਰ ਸਿੰਘ, ਸਰਦਾਰ ਸਰਦੂਲ ਸਿੰਘ, ਪ੍ਰਤਾਪ ਸਿੰਘ ਕੈਰੋਂ, ਗੋਪੀ ਚੰਦ ਭਾਰਗਵ ਅਤੇ ਭੀਮ ਸੈਨ ਸੱਚਰ ਸਨ।

ਭਾਰਤੀ ਰਾਸ਼ਟਰੀ ਕਾਂਗਰਸ ਦਾ ਮੈਨੀਫੈਸਟੋ ਜਵਾਹਰ ਲਾਲ ਨਹਿਰੂ ਦੁਆਰਾ ਸਿਰਜਿਆ ਅਤੇ ਅਬੁਲ ਕਲਾਮ ਆਜ਼ਾਦ ਦੁਆਰਾ ਪਾਸ ਕੀਤਾ ਗਿਆ। ਕਾਂਗਰਸ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਵਿਦੇਸ਼ੀ ਰਾਜ ਦੇ ਖਿਲਾਫ ਇੱਕ ਮਜ਼ਬੂਤ ਅੰਦੋਲਨ ਚਲਾਉਣ ਦੀ ਭੂਮਿਕਾ ਨੂੰ ਵਿਸ਼ੇਸ਼ ਦੱਸਿਆ। ਰਾਸ਼ਟਰੀ ਗਤੀਵਿਧੀਆਂ ਵਿੱਚ ਔਰਤਾਂ ਨੂੰ ਬਰਾਬਰੀ ਦਾ ਦਰਜਾ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਹਾਲਤ ਸੁਧਾਰਨਾ ਜਿੱਤ ਤੋਂ ਬਾਦ ਦਾ ਮੁੱਖ ਏਜੰਡਾ ਐਲਾਨਿਆ। ਇਹ ਵੀ ਕਿਹਾ ਕਿ ਕਾਂਗਰਸ ਦੇਸ਼ ਦੀ ਆਜ਼ਾਦੀ ਅਤੇ ਹਰ ਨਾਗਰਿਕ ਨੂੰ ਬਰਾਬਰੀ ਦੇ ਅਧਿਕਾਰ ਦੇਣ ਲਈ ਵਚਨਬੱਧ ਹੈ।[2] ਗਵਰਨਰ ਗਲੈਂਸੀ ਨੂੰ ਜਾਪਿਆ ਕਿ ਕਾਂਗਰਸ ਦੇ ਕਰਿੰਦੇ ਕਈ ਥਾਈਂ ਬਹੁਤ ਹੀ ਬੇਤੁਕਾ, ਬੇਲੋੜਾ ਤੇ ਬੇਬਾਕ ਪ੍ਰਚਾਰ ਕਰ ਰਹੇ ਸਨ।[3] ਅਕਾਲੀ ਦਲ ਮਾਸਟਰ ਤਾਰਾ ਸਿੰਘ ਅਧੀਨ ਅਤੇ ਕੇਂਦਰੀ ਅਕਾਲੀ ਦਲ ਬਾਬਾ ਖੜਕ ਸਿੰਘ ਦੀ ਪ੍ਰਤੀਨਿਧਤਾ ਅਧੀਨ ਸਿੱਖ ਸੀਟਾਂ ਤੇ ਚੋਣ ਲੜਨ ਲਈ ਸਰਗਰਮ ਹੋਏ।[4]

ਅਕਾਲੀ ਦਲ ਦਾ ਜਨਮ 15 ਦਸੰਬਰ, 1920 ਨੂੰ ਹੋਇਆ। ਮੁੱਢ ਤੋਂ ਹੀ ਅਕਾਲੀ ਦਲ ਸਿੱਖਾਂ ਦੇ ਧਾਰਮਿਕ ਅਤੇ ਰਾਜਨੀਤਕ ਦੋਵੇਂ ਹਿੱਤਾਂ ਨੂੰ ਸੁਰੱਖਿਅਤ ਕਰਨ ਲਈ ਵਚਨਬੱਧ ਸੀ। ਦਲ ਨੇ ਮੋਰਚੇ ਲਾ ਕੇ ਮਹੰਤਾਂ ਦੇ ਕਬਜ਼ੇ ਵਿੱਚੋਂ ਗੁਰਦੁਆਰਿਆਂ ਨੂੰ ਮੁਕਤ ਕਰਵਾਇਆ ਅਤੇ 1925 ਵਿੱਚ 'ਗੁਰਦੁਆਰਾ ਕਾਨੂੰਨ' ਪਾਸ ਕਰਵਾਉਣ ਵਿੱਚ ਕਾਮਯਾਬ ਹੋਇਆ। ਇਨ੍ਹਾਂ ਚੋਣਾਂ ਦੌਰਾਨ ਅਕਾਲੀ ਦਲ ਦਾ ਮੁੱਖ ਨਾਅਰਾ 'ਪੰਥ ਆਜ਼ਾਦ, ਦੇਸ਼ ਆਜ਼ਾਦ' ਸੀ । ਪਾਕਿਸਤਾਨ ਦੀ ਵਿਰੋਧਤਾ, ਭਾਸ਼ਾ ਅਤੇ ਸੱਭਿਆਚਾਰ ਦੇ ਆਧਾਰ ਤੇ ਪੰਜਾਬ ਦਾ

ਪੁਨਰਗਠਨ ਕਰਨਾ ਵੀ ਚੋਣ ਪ੍ਰਚਾਰ ਦਾ ਹਿੱਸਾ ਸੀ। ਸਿੱਖ ਵੋਟਰ ਪੰਥਕ ਪਾਰਟੀਆਂ ਤੋਂ ਕਾਫੀ ਪ੍ਰਭਾਵਿਤ ਸਨ। ਅਕਾਲੀਆਂ ਨੇ ਫੈਸਲਾ ਲਿਆ ਕਿ ਉਹ ਆਪਣੀਆਂ ਟਿਕਟਾਂ ਤੇ ਹੀ ਲੜਨਗੇ ਅਤੇ ਕਾਂਗਰਸ ਵਿੱਚ ਸ਼ਾਮਿਲ ਨਹੀਂ ਹੋਣਗੇ। ਪੰਜਾਬ ਦੇ ਸੰਬੰਧ ਵਿੱਚ ਇਸ ਸਮੇਂ ਹਿੰਦੂ ਮਹਾਂ ਸਭਾ ਸਿਆਸੀ ਸੀਨ ਤੋਂ ਬਹੁਤ ਪਿੱਛੇ ਤਿਲਕ ਚੁੱਕੀ ਸੀ।[5]

ਚੋਣਾਂ ਵਿੱਚ ਭਾਗ ਲੈਣ ਵਾਲੀ ਕਮਿਊਨਿਸਟ ਪਾਰਟੀ ਕਮਿਊਨਿਸਟ ਇੰਟਰਨੈਸ਼ਨਲ ਦਾ ਹਿੱਸਾ ਸੀ। ਚੋਣ ਪ੍ਰਚਾਰ ਕਰਨ ਵਿੱਚ ਇਸ ਪਾਰਟੀ ਦੇ ਤੇਜਾ ਸਿੰਘ ਸਵਤੰਤਰ ਅਤੇ ਸੇਠ ਸੁਦਰਸ਼ਨ ਆਦਿ ਮੁੱਖ ਸਨ। ਇਹ ਪਾਰਟੀ ਵਪਾਰਕ ਸੰਗਠਨਾਂ, ਮਜ਼ਦੂਰਾਂ ਤੇ ਕਿਸਾਨਾਂ ਦੀ ਪ੍ਰਤੀਨਿਧਤਾ ਕਰਦੀ ਸੀ। ਦੂਜੇ ਪਾਸੇ 1923 ਵਿੱਚ ਸਥਾਪਿਤ ਹੋਈ ਯੂਨਿਅਨਿਸਟ ਪਾਰਟੀ ਪੇਂਡੂ ਕਿਸਾਨੀ ਅਤੇ ਜ਼ਿਮੀਂਦਾਰੀ ਕੁਲੀਨਤੰਤਰ ਦੀ ਪ੍ਰਤੀਨਿਧਤਾ ਕਰਦੀ ਸੀ। ਇਸ ਪਾਰਟੀ ਨੇ ਧਾਰਮਿਕ ਵੰਡਾਂ ਨੂੰ ਤੋੜ ਕੇ ਪੇਂਡੂ ਵਸੋਂ ਦੀ ਬਹੁਗਿਣਤੀ ਦੀ ਹਿਮਾਇਤ ਉੱਪਰ ਇਜ਼ਾਰੇਦਾਰੀ ਹਾਸਿਲ ਕਰ ਲਈ। ਅਜਿਹਾ ਇਸ ਲਈ ਹੋਇਆ ਕਿਉਂਕਿ ਪਾਰਟੀ ਸ਼ਹਿਰੀ, ਵਪਾਰਕ ਅਤੇ ਆੜਤੀਆ ਸਮੂਹਾਂ ਵਿਰੁੱਧ ਛੋਟੇ ਅਤੇ ਵੱਡੇ ਜਿਮੀਂਦਾਰਾਂ ਦੇ ਹਿੱਤਾਂ ਦੀ ਰਾਖੀ ਕਰਨ ਦਾ ਦਾਅਵਾ ਕਰਦੀ ਸੀ। ਮੁਸਲਿਮ ਲੀਗ ਦੀ 'ਪਾਕਿਸਤਾਨ' ਦੀ ਮੰਗ ਅਤੇ ਧਾਰਮਿਕ ਕੱਟੜਤਾ ਦਾ ਪ੍ਰਚਾਰ ਕਰਨ ਕਾਰਨ 1946 ਦੌਰਾਨ ਕੁਝ ਕਮਜ਼ੋਰ ਪੈ ਗਈ। ਯੂਨਿਅਨਿਸਟਾਂ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਭੂਤਕਾਲ ਵਿੱਚ ਪੰਜਾਬ ਨੂੰ ਦਿੱਤੀਆਂ ਸੇਵਾਵਾਂ ਦਾ ਖਾਸ ਵਰਣਨ ਕੀਤਾ। ਉਨ੍ਹਾਂ ਨੇ ਦਾਅਵਾ ਕੀਤਾ ਕਿ ਪੰਜਾਬ ਦੀ ਕੁੱਲ ਆਬਾਦੀ ਦਾ 80% ਜੋ ਪਿੰਡਾਂ ਵਿੱਚ ਸਥਾਪਿਤ ਹੈ ਦਾ ਹਰ ਹੀਲੇ ਕਲਿਆਣ ਕਰੇਗੀ। ਸੰਵਿਧਾਨਿਕ ਰਣਨੀਤੀ ਨਾਲ ਆਜ਼ਾਦੀ ਪ੍ਰਾਪਤੀ, ਪ੍ਰਾਂਤਕ ਸਵਾਧੀਨਤਾ, ਪੱਛੜੀਆਂ ਸ਼ਹਿਰੀ ਜਮਾਤਾਂ ਲਈ ਚੰਗੀਆਂ ਸਹੂਲਤਾਂ, ਪੰਜਾਬੀਆਂ ਦੀ ਫੌਜ ਵਿੱਚ ਭਰਤੀ, ਸਿੱਖਿਆ, ਉਦਯੋਗਿਕ ਅਤੇ ਖੇਤੀਬਾੜੀ ਦਾ ਵਿਕਾਸ, ਪੇਂਡੂ ਵਿਕਾਸ ਅਤੇ ਸਾਰੀਆਂ ਜਮਾਤਾਂ ਵਿਚਕਾਰ ਸੱਭਿਅਕ ਅਤੇ ਧਾਰਮਿਕ ਏਕਤਾ ਬਣਾਈ ਰੱਖਣ ਲਈ ਉਹ ਵਚਨਬੱਧ ਰਹਿਣਗੇ।[6]

ਯੂਨਿਅਨਿਸਟ ਪਾਰਟੀ ਦੇ ਪ੍ਰਭਾਵੀ ਨੇਤਾ ਛੋਟੂ ਰਾਮ ਦੀ ਮੌਤ ਤੋਂ ਬਾਦ ਉਸਦੇ ਜਾਟ ਸਮਰਥਕ ਕਾਂਗਰਸ ਵਿੱਚ ਸ਼ਾਮਿਲ ਹੋ ਗਏ ਅਤੇ ਮੁਸਲਮਾਨਾਂ ਦਾ ਝੁਕਾਅ ਮੁਸਲਿਮ ਲੀਗ ਵੱਲ ਹੋਣ ਲੱਗ ਪਿਆ। ਪੰਜਾਬ ਦੇ ਵੱਡੇ ਜਿਮੀਂਦਾਰ ਜੋ ਪਹਿਲਾਂ ਯੂਨਿਅਨਿਸਟ ਹਿਮਾਇਤੀ ਸਨ ਜਿਨ੍ਹਾਂ ਦੀ ਚੜ੍ਹਤ ਅਤੇ ਧਾਰਮਿਕ ਪ੍ਰਚਾਰਾਂ ਤੋਂ ਪ੍ਰਭਾਵਿਤ ਹੋ ਕੇ ਲੀਗ ਨੂੰ

ਹਿਮਾਇਤ ਦੇਣ ਲੱਗੇ। ਲੀਗ ਦਾ ਪ੍ਰਭਾਵ ਜੋ ਪਹਿਲਾਂ ਸ਼ਹਿਰਾਂ ਤੱਕ ਸੀਮਿਤ ਸੀ ਪੇਂਡੂ ਹਲਕਿਆਂ ਵਿੱਚ ਪੈਰ ਪਸਾਰਨ ਲੱਗਾ। ਲੀਗ ਨੂੰ ਪੀਰਾਂ, ਸੂਫ਼ੀਆਂ ਅਤੇ ਜਿਮੀਂਦਾਰਾਂ ਦਾ ਸਮਰਥਨ ਮਿਲਣ ਕਾਰਨ ਯੂਨਿਅਨਿਸਟਾਂ ਨੂੰ ਵੱਡਾ ਨੁਕਸਾਨ ਹੋਇਆ। ਪ੍ਰੀਮੀਅਰ ਪੰਜਾਬ ਨੂੰ ਵੱਡਾ ਧੱਕਾ ਉਦੋਂ ਮਹਿਸੂਸ ਹੋਇਆ ਜਦੋਂ ਫਿਰੋਜ਼ ਖਾਨ ਨੂਨ, ਜੋ ਵਾਇਸਰਾਏ ਦੀ ਕਾਰਜਕਾਰਨੀ ਕੌਂਸਲ ਦਾ ਮੈਂਬਰ ਸੀ, ਆਪਣੇ ਅਹੁੱਦੇ ਤੋਂ ਅਸਤੀਫਾ ਦੇ ਕੇ ਮੁਸਲਿਮ ਲੀਗ ਦੀ ਮਦਦ ਕਰਨ ਲਾਹੌਰ ਆ ਗਿਆ। ਨਵਾਬ ਮਮਦੋਟ, ਫਿਰੋਜ਼ ਖਾਨ ਨੂਨ ਅਤੇ ਪੰਜਾਬ ਦੇ ਮਰਹੂਮ ਸਾਬਕਾ ਮੁੱਖ ਮੰਤਰੀ ਸਿਕੰਦਰ ਹਯਾਤ ਖਾਨ ਦਾ ਸ਼ਹਿਜ਼ਾਦਾ ਸ਼ੌਕਤ ਹਯਾਤ ਇਕੱਠੇ ਚੋਣ ਪ੍ਰਚਾਰ ਕਰਦੇ ਮੰਚਾਂ ਉੱਤੇ ਵਿਖਾਲੀ ਦੇਣ ਲੱਗੇ।[7]

ਇੱਥੋਂ ਤੱਕ ਕਿ ਫਿਰੋਜ਼ ਖਾਨ ਨੂਨ ਨੇ ਇੱਕ ਮੁਲਾਕਾਤ ਦੌਰਾਨ ਪੰਜਾਬ ਗਵਰਨਰ ਗਲੈਂਸੀ ਨੂੰ ਸ਼ਿਕਾਇਤ ਕੀਤੀ ਕਿ ਯੂਨਿਅਨਿਸਟ ਵਜ਼ਾਰਤ ਬੇਵਜਾ ਅਫਸਰਾਂ ਉੱਤੇ ਦਬਾਅ ਬਣਾ ਰਹੀ ਹੈ ਅਤੇ ਅਫਸਰਾਂ ਦੀਆਂ ਬੇਲੋੜੀਆਂ ਤਬਦੀਲੀਆਂ ਕਰ ਰਹੀ ਹੈ ਤਾਂ ਕਿ ਉਹ ਚੋਣਾਂ ਦੌਰਾਨ ਵਿਰੋਧੀ ਧਿਰ ਦਾ ਪੱਖ ਨਾ ਲੈ ਸਕਣ। ਪਰ ਗਲੈਂਸੀ ਨੇ ਉਸਨੂੰ ਭਰੋਸਾ ਦਿੱਤਾ ਕਿ ਸਾਰੇ ਮੁੱਖ ਅਫਸਰਾਂ ਨੂੰ 'ਗਵਰਨਮੈਂਟ ਸਰਵੈਂਟਸ ਕਨਡੱਕਟ ਰੂਲਜ਼' ਅਧੀਨ ਲਿਆ ਰਹੀ ਹੈ ਤਾਂ ਕਿ ਉਹ ਚੋਣਾਂ ਦੌਰਾਨ ਕਿਸੇ ਇੱਕ ਧਿਰ ਦਾ ਪੱਖ ਨਾ ਲੈ ਸਕਣ। ਇਸੇ ਮੀਟਿੰਗ ਵਿੱਚ ਨੂਨ ਨੇ ਇਹ ਵੀ ਆਖਿਆ ਕਿ ਉਸਨੂੰ "ਮੁਸਲਿਮ ਲੀਗ ਦੁਆਰਾ ਪ੍ਰਚਾਰੇ ਜਾਂਦੇ ਪਾਕਿਸਤਾਨ ਉੱਤੇ ਭੋਰਾ ਵੀ ਵਿਸ਼ਵਾਸ ਨਹੀਂ। ਕਾਸ਼! ਇਹ ਲਫ਼ਜ਼ ਖੋਜਿਆ ਹੀ ਨਾ ਗਿਆ ਹੁੰਦਾ।" ਪਰ ਗਵਰਨਰ ਨੂੰ ਮਹਿਸੂਸ ਹੋਇਆ ਕਿ ਉਹ ਅਸਲ ਵਿੱਚ ਲੀਗ ਲਈ ਵੱਧ ਤੋਂ ਵੱਧ ਸੀਟਾਂ ਸੁਰੱਖਿਅਤ ਕਰਨ ਦੀ ਤਾਕ 'ਚ ਸੀ। ਉਸਦਾ ਇਸ ਤਰ੍ਹਾਂ ਦਾ ਪ੍ਰਚਾਰ ਕਰਨ ਦਾ ਮਤਲਬ ਸੀ ਕਿ ਚੋਣਾਂ ਮੁਕੰਮਲ ਹੋ ਜਾਣ ਤੋਂ ਬਾਦ ਮੁਸਲਮਾਨਾਂ ਵਿਚਲੇ ਪਾੜ੍ਹ ਨੂੰ ਠੀਕ ਕੀਤਾ ਜਾ ਸਕੇ ਅਤੇ ਬਾਦ ਵਿੱਚ ਗੈਰ-ਮੁਸਲਮਾਨਾਂ ਨੂੰ ਵੀ ਸਮਝਾ ਦਿੱਤਾ ਜਾਵੇਗਾ ਕਿ ਲੀਗ ਦੇ 'ਪਾਕਿਸਤਾਨ' ਦਾ ਅਰਥ ਉਹ ਨਹੀਂ ਹੈ ਜੋ ਉਹ ਸਮਝ ਰਹੇ ਹਨ।[8]

ਪਰ ਗਲੈਂਸੀ ਦਾ ਵਿਚਾਰ ਸੀ ਕਿ ਲੀਗ ਜਨਤਾ ਵਿੱਚ ਆਪਣੇ ਪ੍ਰਚਾਰਾਂ ਨਾਲ ਧਾਰਮਿਕ ਕੱਟੜਤਾ ਵਧਾ ਰਹੀ ਹੈ। ਮੁਸਲਿਮ ਲੀਗ ਦਾ ਸੂਬਾਈ ਪ੍ਰਧਾਨ ਨਵਾਬ ਇਫਤਿਖਾਰ ਹੁਸੈਨ ਮਮਦੋਟ (1906-69) ਪਹਿਲਾਂ ਕਾਂਗਰਸੀਆਂ ਸੀ ਪਰ ਹਵਾ ਦਾ ਰੁੱਖ ਲੀਗ ਵੱਲ ਹੁੰਦਾ ਵੇਖ ਉਹ ਲੀਗ ਵਿੱਚ ਸ਼ਾਮਿਲ ਹੋ ਗਿਆ। ਮਮਦੋਟ ਦੇ ਪਿਤਾ ਨਵਾਬ ਸ਼ਾਹਨਵਾਜ਼ ਦੇ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਮਮਦੋਟ ਵਿੱਚ ਮੁਰੱਬੇ ਸਨ। ਕਈ ਸਾਲ ਪਹਿਲਾਂ

ਉਸਨੇ ਲਾਹੌਰ ਵਿੱਚ ਇੱਕ ਆਲੀਸ਼ਾਨ ਹਵੇਲੀ ਉਸਾਰੀ ਤੇ ਉਸਦਾ ਨਾਮ 'ਮਮਦੋਟ ਵਿਲਾ' ਰੱਖਿਆ। ਮੁਸਲਿਮ ਲੀਗ ਤੋਂ ਬਿਨਾਂ ਸਾਰੀਆਂ ਰਾਜਨੀਤਿਕ ਪਾਰਟੀਆਂ ਸੰਗਠਿਤ ਭਾਰਤ ਦੇ ਹੱਕ ਵਿੱਚ ਸਨ। ਮਜਲਿਸ-ਏ-ਅਹਿਰਾਰ ਪਾਰਟੀ ਦੇ ਸਮਰਥਕ ਮੁਸਲਮਾਨ ਵੋਟਰਾਂ ਨੇ ਵੀ ਯੂਨਿਅਨਿਸਟਾਂ ਨੂੰ ਵੋਟ ਦੇਣਾ ਉਪਯੋਗੀ ਨਾ ਸਮਝਿਆ। ਅਹਿਰਾਰ ਜਿਨਾੱਹ ਵਿਰੋਧੀ ਵੀ ਸਨ। ਚੋਣ ਪ੍ਰਚਾਰ ਦੌਰਾਨ ਉਨ੍ਹਾਂ ਨੇ ਜਿਨਾੱਹ ਦੀ ਰੱਜ ਕੇ ਆਲੋਚਨਾ ਕੀਤੀ। ਅਹਿਰਾਰਾਂ ਦੇ ਕਈ ਬੁਲਾਰਿਆਂ ਨੇ ਇੱਥੋਂ ਤੱਕ ਆਖਿਆ ਕਿ ਮੁਹੰਮਦ ਅਲੀ ਜਿਨਾੱਹ ਨੇ ਵਿਸ਼ੇਸ਼ ਵਿਆਹ ਕਾਨੂੰਨ, 1872 ਤਹਿਤ ਵਿਆਹ ਕੀਤਾ ਜਿਸਦੀ ਪ੍ਰੀਕਿਆ ਵਿੱਚ ਉਸਨੂੰ ਆਪਣੇ ਮੁਸਲਿਮ ਹੋਣ ਤੋਂ ਮੁਨਕਰ ਹੋਣਾ ਪਿਆ। ਮੁਸਲਿਮ ਲੀਗ ਦੀ ਵਿਰੋਧਤਾ ਉਹਨਾਂ ਦੇ ਚੋਣ ਮਨੋਰਥ ਦਾ ਮੁੱਖ ਭਾਗ ਸੀ ਤਾਂ ਕਿ ਮੁਸਲਿਮ ਵੋਟਰਾਂ ਨੂੰ ਆਕਰਸ਼ਿਤ ਕੀਤਾ ਜਾ ਸਕੇ। ਖਾਕਸਰ ਵੀ ਇਸ ਫਿਰਕੂ ਦੌੜ ਵਿੱਚ ਪਿੱਛੇ ਨਹੀਂ ਸਨ।[9]

ਗਵਰਨਰ ਨੇ ਸਤੰਬਰ ਦੇ ਅੰਤ ਵਿੱਚ ਵਾਇਸਰਾਏ ਨੂੰ ਸੂਚਿਤ ਕੀਤਾ ਕਿ ਚੋਣਾਂ ਲਈ ਵੋਟਰ ਸੂਚੀਆਂ ਵਿੱਚ ਸੋਧ ਲਈ ਤਰੀਕਾਂ ਅਤੇ ਬੇਤੁਕੇ ਦਾਅਵਿਆਂ ਨੂੰ ਹਟਾਉਣ ਲਈ ਬਾਰਾਂ ਆਨੇ ਫੀਸ ਦਾ ਐਲਾਨ ਕੀਤਾ ਹੈ। ਚੋਣ ਸੂਚੀ ਵਿੱਚਸੋਧ ਦੀ ਆਖਰੀ ਤਾਰੀਖ 9 ਅਕਤੂਬਰ, 1945 ਰੱਖੀ ਗਈ। 10 ਤੋਂ 27 ਅਕਤੂਬਰ ਤੱਕ ਸੋਧਾਂ ਸੰਬੰਧੀ ਵਿਸ਼ਲੇਸ਼ਣ ਹੋਣਾ ਤੈਅ ਕੀਤਾ ਗਿਆ ਤੇ 20 ਨਵੰਬਰ ਨੂੰ ਮੁੱਢਲੇ ਨਤੀਜੇ ਪ੍ਰਕਾਸ਼ਿਤ ਹੋਣੇ ਸਨ। ਇਸਤੋਂ ਬਾਦ ਇਨ੍ਹਾਂ ਉੱਤੇ ਅਪੀਲਾਂ ਦੀ ਸੁਣਵਾਈ ਹੋਣੀ ਸੀ ਅਤੇ ਆਖਰੀ ਇਤਰਾਜ਼ ਦੂਰ ਕਰਨ ਤੋਂ ਬਾਦ ਅੰਤਿਮ ਸੂਚੀ ਪ੍ਰਕਾਸ਼ਿਤ ਹੋਣੀ ਸੀ। ਚੋਣਾਂ ਇੱਕ ਜਨਵਰੀ, 1946 ਨੂੰ ਹੋਣੀਆਂ ਨਿਰਧਾਰਿਤ ਹੋਈਆਂ।[10]

29 ਸਤੰਬਰ, 1945 ਦੀ ਪੰਦਰਵਾੜਾ ਰਿਪੋਰਟ ਵਿੱਚ ਪੰਜਾਬ ਗਵਰਨਰ ਗਲੈਂਸੀ ਨੇ ਵਾਇਸਰਾਏ ਨੂੰ ਲਿਖਿਆ, "ਯੂਨਿਅਨਿਸਟ ਅਜੇ ਚੋਣ ਪ੍ਰਚਾਰ ਕਰਨ ਵਿੱਚ ਮੱਠੇ ਹਨ। ਅਜੇ ਤੱਕ ਉਹ ਪੂਰੇ ਸੂਬੇ ਵਿੱਚ ਯੋਗ ਉਮੀਦਵਾਰਾਂ ਦੀ ਚੋਣ ਕਰਨ ਵਿੱਚ ਹੀ ਵਿਅਸਤ ਹਨ। ਪ੍ਰੈਸ ਵਿੱਚ ਆ ਰਹੀਆਂ ਰਿਪੋਰਟਾਂ ਤੋਂ ਜਾਪਦਾ ਹੈ ਕਿ ਲੀਗ ਅਤੇ ਯੂਨਿਅਨਿਸਟਾਂ ਵਿੱਚ ਬਹੁਤਾ ਅੰਤਰ ਨਹੀਂ ਹੈ। ਦੋਵੇਂ ਹੀ ਪਾਕਿਸਤਾਨ ਹਿਮਾਇਤੀ ਹਨ। ਪਰ ਯੂਨਿਅਨਿਸਟਾਂ ਦੁਆਰਾ ਪਰਿਭਾਸ਼ਿਤ 'ਪਾਕਿਸਤਾਨ' ਲੀਗ ਦੀ 'ਪਾਕਿਸਤਾਨ' ਪਰਿਭਾਸ਼ਾ ਤੋਂ ਵੱਖਰਾ ਹੈ।............ ਫਿਰੋਜ਼ ਖਾਨ ਨੂਨ ਨੇ ਵੀ ਦੋਹਾਂ ਵਿੱਚ ਪਏ ਪਾੜ ਨੂੰ ਪੂਰਨ ਦੀ ਕਦੇ ਕੋਸ਼ਿਸ਼ ਨਹੀਂ ਸੀ ਕੀਤੀ।" ਉਸਨੇ ਇਹ ਵੀ ਲਿਖਿਆ ਕਿ ਮੁਸਲਿਮ ਲੀਗ ਦੇ ਬੁਲਾਰੇ ਆਪਣੀ

ਚੋਣ ਮੁਹਿੰਮ ਬੜੇ ਜ਼ਬਰਦਸਤ ਤਰੀਕੇ ਨਾਲ ਕਰ ਰਹੇ ਸਨ। ਉਹ ਸ਼ਿਕਵੇ ਵੀ ਕਰ ਰਹੇ ਸਨ ਕਿ ਗਵਰਨਰ ਰੈਂਕ ਤੋਂ ਹੇਠਲੇ ਸਭ ਸਰਕਾਰੀ ਅਫਸਰ ਮੱਤ ਦਾਤਾਵਾਂ ਦੀ ਆਜ਼ਾਦੀ ਵਿੱਚ ਦਖਲ-ਅੰਦਾਜ਼ੀ ਕਰਨ ਵਿੱਚ ਲੱਗੇ ਹੋਏ ਸਨ।[11]

ਗਲੈਂਸੀ ਦਾ ਇਹ ਮੰਨਣਾ ਸੀ: "ਪੰਜਾਬ ਵਿੱਚ ਜਾਰੀ ਗੜਬੜੀ ਦੇ ਹਾਲਾਤਾਂ ਨੂੰ ਜੇ ਕੋਈ ਸ਼ਾਂਤ ਕਰ ਸਕਦਾ ਹੈ ਤਾਂ ਉਹ ਹੈ 'ਮੁਸਲਿਮ ਲੀਗ'। ਸਿਰਫ ਲੀਗ ਹੀ 'ਕੱਚ-ਘੜਤ ਪਾਕਿਸਤਾਨ' ਤੋਂ ਬਿਨਾਂ ਕੋਈ ਹੋਰ ਹੱਲ ਪੇਸ਼ ਕਰ ਸਕਦੀ ਹੈ ਪਰ ਜਦੋਂ ਤੱਕ ਲੀਗ ਦਾ ਕੰਟਰੋਲ ਜਿਨਾੱਹ ਦੇ ਹੱਥ ਵਿੱਚ ਹੈ ਉਦੋਂ ਤੱਕ ਐਸੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।"[12] ਫਿਰਕੂ ਹਾਲਾਤ ਲਗਾਤਾਰ ਵਿਗੜ ਰਹੇ ਸਨ। ਵਿਕਾਸ ਮੰਤਰੀ, ਸਰਕਾਰ ਬਲਦੇਵ ਸਿੰਘ ਨੇ ਗਵਰਨਰ ਗਲੈਂਸੀ ਨਾਲ ਵਾਰਤਾਲਾਪ ਦੌਰਾਨ ਦੱਸਿਆ, "ਅੰਬਾਲਾ ਡਿਵੀਜ਼ਨ ਵਿੱਚ ਮੁਸਲਿਮ ਲੀਗ ਸਮਰਥਕਾਂ ਨੇ ਲੋਕਾਂ ਵਿੱਚ ਇਹ ਪ੍ਰਭਾਵ ਦਿੱਤਾ ਹੈ ਕਿ 'ਪਾਕਿਸਤਾਨ' ਬੜੀ ਛੇਤੀ 'ਹਕੀਕਤ' ਬਣ ਜਾਵੇਗਾ। ਥੋੜੇ ਸਮੇਂ ਤੱਕ ਸਿਰਫ਼ 'ਸ਼ਰੀਆ ਕਾਨੂੰਨ' ਹੀ ਹੋਂਦ ਵਿੱਚ ਰਹੇਗਾ ਅਤੇ ਗੈਰ-ਮੁਸਲਮਾਨ ਨੂੰ ਵੀ ਆਪਣੀਆਂ ਸ਼ਿਕਾਇਤਾਂ ਮਸਜਿਦਾਂ ਵਿੱਚ ਲੈ ਕੇ ਆਉਣ ਪੈਣਗੀਆਂ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸਿੱਖ ਕੌਮ ਬਹੁਤ ਸਾਵਧਾਨ ਹੋ ਰਹੀ ਹੈ। ਲੀਗ ਦੁਆਰਾ ਪ੍ਰਚਾਰਿਤ ਨਾਅਰਾ 'ਇਸਲਾਮ ਖਤਰੇ ਵਿੱਚ ਹੈ' ਬਹੁਤ ਹੀ ਖਤਰਨਾਕ ਪ੍ਰਭਾਵ ਪਾ ਰਿਹਾ ਹੈ।"[13]

ਮੁਸਲਿਮ ਲੀਗ ਆਪਣੇ ਸਭ ਵਿਰੋਧੀਆਂ - ਕਾਂਗਰਸ, ਯੂਨਿਅਨਿਸਟ ਅਤੇ ਹੋਰ ਮੁਸਲਿਮ ਸੰਸਥਾਵਾਂ - ਖਾਕਸਾਰ ਅਤੇ ਅਹਿਰਾਰਾਂ ਨੂੰ ਕੋਸ ਰਹੀ ਸੀ। ਅਹਿਰਾਰ ਵੀ ਗਾਲਾਂ ਦੇਣ ਅਤੇ ਬੇਹੂਦੀ ਬਿਆਨਬਾਜੀ ਵਿੱਚ ਮੁਸਲਿਮ ਲੀਗ ਤੋਂ ਕੋਈ ਬਹੁਤਾ ਪਿੱਛੇ ਨਹੀਂ ਸਨ।

ਕਾਂਗਰਸੀਏ ਭੜਕੀਲੇ ਭਾਸ਼ਣਾਂ 'ਚ ਵਿਅਸਤ ਸਨ ਅਤੇ ਹੋਰ ਸਮਰਥਕ ਪਾਰਟੀਆਂ ਵੱਧ ਤੋਂ ਵੱਧ ਵੋਟਰਾਂ ਨੂੰ ਪ੍ਰਭਾਵਿਤ ਕਰਨ ਵਿੱਚ ਰੁੱਝੀਆਂ ਹੋਈਆਂ ਸਨ। ਅਕਾਲੀ ਕਾਂਗਰਸ ਨਾਲ ਸਮਰਥਨ ਨਹੀਂ ਸਨ ਕਰ ਰਹੇ ਖਾਸ ਕਰਕੇ ਨਾਗੋਕੇ ਗਰੁੱਪ ਨੂੰ ਆਪਣੀ ਕਾਂਗਰਸ ਪੱਖੀ ਨੀਤੀ ਨੂੰ ਨਿਰੰਤਰ ਜਾਰੀ ਰੱਖਣਾ ਔਖਾ ਲੱਗ ਰਿਹਾ ਸੀ।

ਜਨਵਰੀ ਵਿੱਚ ਚੋਣ ਮੁਹਿੰਮ ਪ੍ਰਤੀ ਉਤਸ਼ਾਹ ਵੱਧਣ ਲੱਗਾ। ਮੁਸਲਿਮ ਲੀਗ ਨੇ ਲੁਧਿਆਣਾ ਵਿੱਚ ਅਹਿਰਾਰ ਪ੍ਰਦਰਸ਼ਨ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਿਸਦੇ ਨਤੀਜੇ ਵਜੋਂ ਇੱਕ ਲੀਗ ਮੈਂਬਰ ਦੀ ਮੌਤ ਹੋ ਗਈ। ਪਰ ਪੁਲਿਸ ਨੇ ਜਲਦ ਸਥਿਤੀ ਉੱਤੇ ਕਾਬੂ ਪਾ ਲਿਆ। ਇਸ ਤੋਂ ਕੁਝ ਦਿਨ ਪਹਿਲਾਂ ਖਾਕਸਰ ਨੇਤਾ ਅੱਲਾਮਾ ਮਸ਼ਰੀਕੀ ਉੱਤੇ

(ਮੁਸਲਿਮ ਲੀਗ ਦੀ ਇੱਕ ਮੀਟਿੰਗ ਵਿੱਚ ਵਿਘਨ ਪਾਉਣ ਕਰਕੇ) ਭੀੜ ਨੇ ਘੇਰ ਕੇ ਹਮਲਾ ਕੀਤਾ।[14]

ਜ਼ਿਕਰਯੋਗ ਹੈ ਕਿ ਜਨਵਰੀ 1946 ਤੱਕ ਵੱਖ-ਵੱਖ ਭਾਈਚਾਰਿਆਂ ਵਿਚਕਾਰ ਸੰਬੰਧ ਹੋਰ ਵੀ ਤਣਾਅਪੂਰਣ ਹੁੰਦੇ ਜਾ ਰਹੇ ਸਨ। ਅੰਬਾਲਾ ਦੇ ਡਿਪਟੀ ਕਮਿਸ਼ਨਰ ਲਿਖਦੇ ਹਨ ਕਿ "ਰਾਜਨੀਤਿਕ ਪਾਰਟੀਆਂ ਖਾਸ ਕਰਕੇ ਮੁਸਲਿਮ ਲੀਗ ਦੇ ਜ਼ਹਿਰੀਲੇ ਪ੍ਰਚਾਰ ਦੇ ਨਤੀਜੇ ਵਜੋਂ, ਪੇਂਡੂ-ਖੇਤਰਾਂ ਤੋਂ ਫਿਰਕੂ ਸਥਿਤੀ ਵਿਗੜਨ ਦੀਆਂ ਵਧਦੀਆਂ ਰਿਪੋਰਟਾਂ ਮਿਲ ਰਹੀਆਂ ਸਨ। ਮੁਸਲਿਮ ਲੀਗ ਦੁਆਰਾ ਕੀਤਾ ਜਾਣ ਵਾਲਾ ਇੱਕ ਬਹੁਤ ਹੀ ਇਤਰਾਜ਼ਯੋਗ ਕਿਸਮ ਦਾ ਪ੍ਰਚਾਰ ਮੁਸਲਿਮ ਵੋਟਰਾਂ ਨੂੰ ਬਾਹਰੀ ਸੰਚਾਰ ਦੀ ਧਮਕੀ ਦੇਣਾ ਸੀ। ਜਿਸ ਵਿੱਚ ਉਨ੍ਹਾਂ ਦੇ ਮੁਰਦਿਆਂ ਨੂੰ ਮੁਸਲਿਮ ਕਬਰਿਸਤਾਨਾਂ ਵਿੱਚ ਦਫਨਾਉਣ ਦੀ ਇਜ਼ਾਜਤ ਦੇਣ ਤੋਂ ਇਨਕਾਰ ਕਰਨਾ ਅਤੇ ਲੀਗ ਦੇ ਵਿਰੁੱਧ ਵੋਟ ਪਾਉਣ ਦੀ ਸੂਰਤ ਵਿੱਚ ਸਮੂਹਿਕ ਮੁਸਲਿਮ ਪ੍ਰਾਰਥਨਾਵਾਂ ਵਿੱਚ ਸ਼ਾਮਿਲ ਹੋਣ ਤੋਂ ਰੋਕਣਾ ਸ਼ਾਮਿਲ ਸੀ।

ਗਵਰਨਰ ਗਲੈਂਸੀ ਦਾ ਵਿਚਾਰ ਸੀ ਕਿ ਲੀਗ ਲੋਕਾਂ ਵਿੱਚ ਧਾਰਮਿਕ ਕੱਟੜਤਾ ਵਧਾ ਰਹੀ ਸੀ। ਲੀਗ ਨੇ ਪੀਰਾਂ ਅਤੇ ਮੌਲਵੀਆਂ ਨੂੰ ਵੱਡੀ ਗਿਣਤੀ ਵਿੱਚ ਸੂਬੇ ਦਾ ਦੌਰਾ ਕਰਨ ਅਤੇ ਲੀਗ ਦਾ ਵਿਰੋਧ ਕਰਨ ਵਾਲੇ ਸਾਰੇ ਲੋਕਾਂ ਨੂੰ *ਕਾਫ਼ਰ* ਕਹਿ ਕੇ ਨਿੰਦਾ ਕਰਨ ਲਈ ਭਰਤੀ ਕੀਤਾ। ਪਵਿੱਤਰ ਕੁਰਾਨ ਦੀਆਂ ਕਾਪੀਆਂ ਮੁਸਲਿਮ ਲੀਗ ਦੇ ਵਿਲੱਖਣ ਪ੍ਰਤੀਕ ਵਜੋਂ ਘੁਮਾਈਆਂ ਜਾਣ ਲੱਗੀਆਂ। ਫਿਰੋਜ਼ ਅਤੇ ਹੋਰ ਕਈ ਖੁੱਲ੍ਹੇਆਮ ਪ੍ਰਚਾਰ ਕਰਦੇ ਸਨ ਕਿ ਲੀਗ ਨੂੰ ਦਿੱਤੀ ਗਈ ਹਰ ਵੋਟ ਪਵਿੱਤਰ ਪੈਗੰਬਰ ਦੇ ਹੱਕ ਵਿੱਚ ਪਾਈ ਗਈ ਵੋਟ ਹੈ।[15]

ਮੁਸਲਿਮ ਲੀਗ ਲਾਹੌਰ ਸ਼ਹਿਰ ਵਿੱਚੋਂ ਦੋ ਪ੍ਰਮੁੱਖ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਰੱਦ ਹੋਣ ਕਾਰਨ ਤਲਖ਼ੀ ਵਿੱਚ ਸੀ। ਨਾਮਜ਼ਦਗੀ ਰੱਦ ਕਰਨ ਦਾ ਕਾਰਨ ਆਪਣੇ ਹਲਕਿਆਂ ਸੰਬੰਧੀ ਸਹੀ ਵਰਣਨ ਨਾ ਕਰਨਾ ਸੀ।

ਯੂਨੀਅਨਿਸਟਾਂ ਨੂੰ ਵੀ ਡੇਰਾ ਗਾਜ਼ੀ ਖਾਨ ਜ਼ਿਲ੍ਹੇ ਵਿੱਚ ਇਸੇ ਤਰ੍ਹਾਂ ਦੀ ਬਦਕਿਸਮਤੀ ਦਾ ਸਾਹਮਣਾ ਕਰਨਾ ਪਿਆ। ਜਿੱਥੇ ਉਨ੍ਹਾਂ ਦੇ ਨੌਂ ਉਮੀਦਵਾਰ ਅਯੋਗ ਕਰਾਰ ਦਿੱਤੇ ਗਏ ਸਨ। ਟਿਕਟ ਦੇਣ ਦਾ ਲਾਲਚ ਦੇ ਕੇ ਮੁਸਲਿਮ ਲੀਗ ਨੇ ਲੰਮੇ ਸਮੇਂ ਤੋਂ ਯੂਨਿਅਨਿਸਟ ਵਫਾਦਾਰ ਸਈਅਦ ਅਮਜ਼ਦ ਅਲੀ ਨੂੰ ਪਾਰਟੀ ਬਦਲਣ ਲਈ ਪ੍ਰੇਰਿਤ ਕਰ ਲਿਆ। ਉਸਨੇ ਇਹ ਭਰੋਸਾ ਦਿੱਤਾ ਕਿ ਉਸਨੂੰ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਉਨ੍ਹਾਂ ਦੇ ਆਪਣੇ

ਹਲਕੇ ਵਿੱਚੋਂ ਨਾਮਜ਼ਦ ਕੀਤਾ ਜਾਵੇਗਾ। ਪਰ ਮੁਸਲਿਮ ਲੀਗ ਦੇ ਕੇਂਦਰੀ ਸੰਸਦੀ ਬੋਰਡ ਨੇ ਇਸ ਨੂੰ ਰੱਦ ਕਰ ਦਿੱਤਾ। ਨਤੀਜੇ ਵਜੋਂ ਉਸਨੇ ਤੁਰੰਤ ਯੂਨਿਅਨਿਸਟਾਂ ਦੇ ਹੱਕ ਵਿੱਚ ਆਉਣ ਦੀ ਕੋਸ਼ਿਸ਼ ਕੀਤੀ ਪਰ ਉਸਨੂੰ ਸਫਲਤਾ ਨਾ ਮਿਲੀ।

ਗਵਰਨਰ ਦੀ 2 ਫਰਵਰੀ, 1946 ਦੀ ਪੰਦਰਵਾੜਾ ਰਿਪੋਰਟ ਚੋਣਾਂ ਮੁਤਾਬਕ ਵੱਖ-ਵੱਖ ਅਧਿਕਾਰੀਆਂ ਦੁਆਰਾ ਦਖਲਅੰਦਾਜ਼ੀ ਬਾਰੇ ਵੱਡੀ ਗਿਣਤੀ ਵਿੱਚ ਪੰਜਾਬ ਗਵਰਨਰ ਗਲੈਂਸੀ ਨੂੰ ਸ਼ਿਕਾਇਤਾਂ ਆਈਆਂ ਸਨ, ਪਰ ਗਵਰਨਰ ਨੂੰ ਇਹ ਅਤਿਕਥਨੀ ਵਾਲੀਆਂ ਜਾਪੀਆਂ। ਸਰਕਾਰੀ ਅਧਿਕਾਰੀਆਂ ਦੇ ਅਧਿਕਾਰ ਨੂੰ ਗੈਰ-ਜ਼ਿੰਮੇਵਾਰਾਨਾ ਭਾਸ਼ਣਾਂ ਦੁਆਰਾ ਲਗਾਤਾਰ ਕਮਜ਼ੋਰ ਕੀਤਾ ਜਾ ਰਿਹਾ ਸੀ। ਸਰਕਾਰੀ ਅਧਿਕਾਰੀਆਂ ਨਾਲ ਦੁਰਵਿਵਹਾਰ ਅਤੇ ਡਰਾਉਣਾ-ਧਮਕਾਉਣਾ ਹਰ ਦਿਨ ਹੁੰਦਾ ਅਤੇ ਅਪਰਾਧੀ ਵੀ ਸਰਗਰਮ ਹੋਣ ਲੱਗੇ ਸਨ। ਭੜਕਾਊ ਭਾਸ਼ਣ ਦੇਣੇ ਅਤੇ ਮੌਲਵੀ, ਪੀਰ ਅਤੇ ਵਿਦਿਆਰਥੀਆਂ ਦੁਆਰਾ ਸੂਬੇ ਵਿੱਚ ਘੁੰਮ-ਘੁੰਮ ਕੇ ਮੁਸਲਿਮ ਲੀਗ ਦੇ ਹੱਕ ਵਿੱਚ ਪ੍ਰਚਾਰ ਕਰਨਾ ਆਮ ਹੋ ਗਿਆ ਸੀ। ਉਹ ਪ੍ਰਚਾਰਦੇ ਸਨ, "ਜੋ ਲੋਕ ਮੁਸਲਿਮ ਲੀਗ ਨੂੰ ਵੋਟ ਨਹੀਂ ਪਾਉਣਗੇ ਉਹ ਮੁਸਲਿਮ ਨਹੀਂ ਰਹਿਣਗੇ ਉਨ੍ਹਾਂ ਦੇ ਵਿਆਹ ਜਾਇਜ਼ ਨਹੀਂ ਰਹਿਣਗੇ ਅਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਛੇਕ ਦਿੱਤਾ ਜਾਵੇਗਾ।"[16]

ਗਵਰਨਰ ਨੂੰ ਜਾਪਦਾ ਸੀ ਕਿ ਮੁਸਲਿਮ ਲੀਗ ਉਨ੍ਹਾਂ ਬੇਰਹਿਮ ਤਰੀਕਿਆਂ ਦੇ ਕਾਰਨ ਜਿਨ੍ਹਾਂ ਦੁਆਰਾ ਉਨ੍ਹਾਂ ਨੇ 'ਇਸਲਾਮ ਖਤਰੇ ਵਿੱਚ ਹੈ' ਦੇ ਨਾਅਰੇ ਨਾਲ ਅੱਗੇ ਵਧਾਇਆ ਹੈ ਆਪਣੀਆਂ ਸੀਟਾਂ ਦੀ ਗਿਣਤੀ ਵਿੱਚ ਕਾਫੀ ਵਾਧਾ ਕਰੇਗੀ ਅਤੇ ਇਸ ਨਾਲ ਯੂਨੀਅਨਿਸਟਾਂ ਪ੍ਰਤੀਨਿਧੀਆਂ ਦੇ ਸਮਰਥਕਾਂ ਵਿੱਚ ਵੀ ਗਿਰਾਵਟ ਆਏਗੀ।[17]

ਵੋਟਾਂ ਦੀ ਗਿਣਤੀ 15 ਫਰਵਰੀ ਨੂੰ ਸ਼ੁਰੂ ਹੋਈ ਅਤੇ 24 ਫਰਵਰੀ ਨੂੰ ਪ੍ਰਾਂਤਕ ਲੈਜਿਸਲੇਟਿਵ ਅਸੈਂਬਲੀ ਦੇ ਨਤੀਜਿਆਂ ਦਾ ਐਲਾਨ ਹੋਇਆ। ਮੁਸਲਿਮ ਲੀਗ ਨੂੰ ਮੁਸਲਮਾਨਾਂ ਲਈ ਰਾਖਵੀਆਂ 86 ਸੀਟਾਂ ਵਿੱਚੋਂ 75 ਸੀਟਾਂ ਤੇ ਜਿੱਤ ਹਾਸਿਲ ਹੋਈ। ਬਾਅਦ ਵਿੱਚ ਯੂਨੀਅਨਿਸਟ ਪਾਰਟੀ ਦੇ ਦੋ ਮੈਂਬਰ ਪਾਰਟੀ ਤਬਦੀਲ ਕਰਕੇ ਮੁਸਲਿਮ ਲੀਗ ਵਿੱਚ ਸ਼ਾਮਿਲ ਹੋ ਗਏ। ਲੀਗ ਦੀਆਂ ਕੁੱਲ 77 ਸੀਟਾਂ ਹੋ ਗਈਆਂ। ਲੀਗ ਸਭ ਤੋਂ ਵੱਡੀ ਬਹੁਮਤ ਪਾਰਟੀ ਵਜੋਂ ਉਭਰੀ। ਯੂਨੀਅਨਿਸਟ 21 ਸੀਟਾਂ ਤੱਕ ਸੀਮਿਤ ਹੋ ਗਈ। ਕਾਂਗਰਸ ਨੇ 51 ਅਤੇ ਪੰਥਕ ਸਿੱਖਾਂ ਨੇ 23 ਸੀਟਾਂ ਜਿੱਤੀਆਂ।[18] ਭੀਮ ਸੇਨ ਸੱਚਰ ਲਾਹੌਰ ਸ਼ਹਿਰੀ, ਲਹਿਰੀ ਸਿੰਘ ਰੋਹਤਕ ਉੱਤਰੀ, ਫਿਰੋਜ਼ ਖਾਨ ਨੂਨ ਰਾਵਲਪਿੰਡੀ ਕਸਬੇ, ਨਵਾਬ ਮਮਦੋਟ

ਫਿਰੋਜ਼ਪੁਰ ਕੇਂਦਰੀ, ਮੁਜ਼ੱਫਰ ਅਲੀ ਖਾਨ ਕਿਜ਼ਿਲਬਾਸ਼ ਲਾਹੌਰ ਦੱਖਣੀ, ਇਫਤਿਖਾਰ-ਉਦ-ਦੀਨ ਕਸੂਰ, ਅਬਦੁਲ ਗੱਫਾਰ ਖਾਨ, ਸ਼ੱਕਰਗੜ, ਮੁਮਤਾਜ ਦੌਲਤਾਨਾ ਸਿਆਲਕੋਟ ਦੱਖਣੀ, ਖਿਜ਼ਰ ਹਯਾਤ ਟਿਵਾਣਾ ਖੁਸ਼ਾਬ, ਗਜ਼ਨਫਰ ਅਲੀ ਖਾਨ ਪਿੰਡ ਦਾਦਨ ਖਾਨ, ਉੱਜਲ ਸਿੰਘ ਪੱਛਮੀ ਕਸਬੇ, ਬਲਦੇਵ ਸਿੰਘ ਅੰਬਾਲਾ ਦੱਖਣੀ, ਸਵਰਨ ਸਿੰਘ ਜਲੰਧਰ ਪੱਛਮੀ, ਤਾਰਾ ਸਿੰਘ ਫਿਰੋਜ਼ਪੁਰ ਦੱਖਣੀ, ਈਸ਼ਰ ਸਿੰਘ ਮਝੈਲ ਅੰਮ੍ਰਿਤਸਰ ਉੱਤਰੀ, ਊਧਮ ਸਿੰਘ ਨਾਗੋਕੇ ਅੰਮ੍ਰਿਤਸਰ ਕੇਂਦਰੀ, ਪ੍ਰਤਾਪ ਸਿੰਘ ਕੈਰੋਂ ਅੰਮ੍ਰਿਤਸਰ ਦੱਖਣੀ, ਗਿਆਨੀ ਕਰਤਾਰ ਸਿੰਘ ਲਾਇਲਪੁਰ ਪੱਛਮੀ ਅਤੇ ਗੋਪੀ ਚੰਦ ਭਾਰਗਵ ਪੰਜਾਬ ਯੂਨੀਵਰਸਿਟੀ ਹਲਕੇ ਤੋਂ ਜੇਤੂ ਸਾਬਿਤ ਹੋਏ।

ਪੰਜਾਬ ਮੁਸਲਿਮ ਲੀਗ ਦਾ ਪ੍ਰਧਾਨ ਨਵਾਬ ਮਮਦੋਟ 6 ਮਾਰਚ, 1946 ਨੂੰ ਗਵਰਨਰ ਨੂੰ ਮਿਲਿਆ ਤੇ ਸਰਕਾਰ ਬਣਾਉਣ ਦੀ ਪੇਸ਼ਕਸ਼ ਕੀਤੀ। ਮਮਦੋਟ ਨੇ ਦਾਅਵਾ ਕੀਤਾ ਕਿ ਪ੍ਰਾਂਤਕ ਅਸੈਂਬਲੀ ਵਿੱਚ ਉਸਨੂੰ 175 ਵਿੱਚੋਂ 87 ਮੈਂਬਰਾਂ ਦਾ ਸਮਰਥਨ ਹਾਸਿਲ ਸੀ। ਇਨ੍ਹਾਂ ਵਿੱਚ ਚਾਰ ਹਿੰਦੂ ਪੱਛੜੀਆਂ ਜਾਤਾਂ ਦੇ ਪ੍ਰਤੀਨਿਧ, ਦੋ ਈਸਾਈ, ਇੱਕ ਸਿੱਖ ਤੇ ਦੋ ਯੂਨਿਅਨਿਸਟ ਪਾਰਟੀ ਦੇ ਉੱਚੀ ਜਾਤੀ ਦੇ ਹਿੰਦੂ ਸ਼ਾਮਿਲ ਸਨ ਜੋ ਪਾਰਟੀ ਤਬਦੀਲ ਕਰ ਕੇ ਆਏ ਸਨ।[19]

ਪਰ ਗਵਰਨਰ ਗਲੈਂਸੀ ਨੇ ਨਵਾਬ ਮਮਦੋਟ ਨੂੰ ਇੱਕ ਪੱਤਰ ਵਿਖਾਇਆ ਜਿਸ ਵਿੱਚ ਲਿਖਿਆ ਸੀ ਕਿ ਦੋਵੇਂ ਹਿੰਦੂ ਮੈਂਬਰ ਹੁਣ ਵੀ ਆਪਣੀ ਯੂਨਿਅਨਿਸਟ ਪਾਰਟੀ ਦੇ ਹੀ ਨਾਲ ਸਨ। ਨਵਾਬ ਨੇ ਪਹਿਲਾਂ ਕੀਤੇ ਦਾਅਵੇ ਕਿ 'ਚਾਰ ਪੱਛੜੀਆਂ ਜਾਤਾਂ ਦੇ ਹਿੰਦੂ ਪ੍ਰਤੀਨਿਧ' ਵੀ ਉਸਦੇ ਨਾਲ ਹਨ ਉੱਤੇ ਅਸੰਭਾਵਨਾ ਪ੍ਰਗਟ ਕੀਤੀ। ਦੋਵਾਂ ਵਿੱਚੋਂ ਇੱਕ ਈਸਾਈ ਮੈਂਬਰ ਤੇ ਹੀ ਉਸਨੂੰ ਪੱਕਾ ਯਕੀਨ ਸੀ। ਦੂਜੇ ਬਾਰੇ ਉਹ ਆਪ ਵੀ ਪੂਰੀ ਤਰ੍ਹਾਂ ਕੁਝ ਨਾ ਕਹਿ ਸਕਿਆ।[20]

ਗਵਰਨਰ ਨੂੰ ਮਮਦੋਟ ਦੇ ਪਹਿਲਾਂ ਕੀਤੇ ਦਾਅਵੇ ਅਤੇ ਅਸਲੀਅਤ ਵਿਚਕਾਰ 7 ਮੈਂਬਰਾਂ ਦਾ ਫਰਕ ਨਜ਼ਰ ਆਇਆ। ਉਸਨੂੰ ਜਾਪਿਆ ਕਿ ਅਸਲ ਵਿੱਚ ਮੁਸਲਿਮ ਲੀਗ ਨੂੰ ਅਸੈਂਬਲੀ ਵਿੱਚ 80 ਮੈਂਬਰਾਂ ਦਾ ਸਮਰਥਨ ਹਾਸਿਲ ਸੀ। ਕੋਲੀਸ਼ਨ ਵਜ਼ਾਰਤ ਦੀ ਪੇਸ਼ਕਸ਼ ਲੈ ਕੇ ਆਏ ਖਿਜ਼ਰ ਹਯਾਤ ਖਾਂ, ਸਰਦਾਰ ਬਲਦੇਵ ਸਿੰਘ ਅਤੇ ਭੀਮ ਸੈਨ ਸੱਚਰ ਨੇ ਅਸੈਂਬਲੀ ਵਿੱਚ 94 ਮੈਂਬਰਾਂ ਦੀ ਬਹੁਮਤ ਹੋਣ ਦਾ ਦਾਅਵਾ ਕੀਤਾ। ਉਨ੍ਹਾਂ ਨੂੰ ਅਸਲ ਵਿੱਚ 90 ਮੈਂਬਰਾਂ ਦਾ ਬਹੁਮਤ ਹਾਸਿਲ ਸੀ। ਜੋ ਮੁਸਲਿਮ ਲੀਗ ਤੋਂ 10 ਮੈਂਬਰ ਜ਼ਿਆਦਾ ਸਨ।

ਇਹ ਸਨ: ਯੂਨਿਅਨਿਸਟ - 17 (11 ਮੁਸਲਿਮ, 2 ਹਿੰਦੂ ਅਤੇ 4 ਅਨੁਸੂਚਿਤ ਜਾਤੀ)

ਕਾਂਗਰਸ - 51, ਪੰਥਕ-23, ਭਾਰਤੀ ਈਸਾਈ-2, ਆਜ਼ਾਦ-1

ਗਵਰਨਰ ਗਲੈਂਸੀ ਨੇ ਇੱਕ ਗੱਠਜੋੜ ਸਰਕਾਰ ਬਣਾਉਣ ਲਈ ਖਿਜ਼ਰ ਨੂੰ ਸੱਦਾ ਦਿੱਤਾ। ਸਿੱਟੇ ਵਜੋਂ 11 ਮਾਰਚ ਨੂੰ ਬਣੀ ਵਜ਼ਾਰਤ ਵਿੱਚ ਯੂਨਿਅਨਿਸਟ, ਕਾਂਗਰਸ ਅਤੇ ਪੰਥਕ ਅਕਾਲੀ ਦਲ ਸ਼ਾਮਿਲ ਹੋਏ।[21] ਸਰ ਜਮਾਲ ਖਾਨ ਅਤੇ ਨਵਾਬ ਆਸ਼ਿਕ ਹੁਸੈਨ ਯੂਨਿਅਨਿਸਟ ਪਾਰਟੀ ਛੱਡ ਮੁਸਲਿਮ ਲੀਗ ਵਿੱਚ ਸ਼ਾਮਿਲ ਹੋ ਗਏ। ਮੁਸਲਿਮ ਲੀਗ ਹਰ ਸੰਭਵ ਯਤਨ ਕਰ ਰਹੀ ਸੀ ਕਿ ਹੋਰ ਯੂਨਿਅਨਿਸਟ ਮੈਂਬਰਾਂ ਨੂੰ ਪਾਰਟੀ ਨਾਲੋਂ ਤੋੜਿਆ ਜਾ ਸਕੇ। ਮੁਸਲਿਮ ਲੀਗ ਦੇ ਕਈ ਮੈਂਬਰ ਮੁਸਲਮਾਨਾਂ ਦੀਆਂ ਫਿਰਕੂ ਭਾਵਨਾਵਾਂ ਨੂੰ ਭੜਕਾਉਣ ਲਈ ਦਿਨ ਰਾਤ ਇੱਕ ਕਰ ਰਹੇ ਸਨ।

ਗਲੈਂਸੀ ਦਾ ਮੱਤ ਸੀ ਕਿ ਵਜ਼ਾਰਤ ਵਿੱਚ ਮੁਸਲਮਾਨਾਂ ਦੀ ਘੱਟ ਪ੍ਰਤੀਸ਼ਤਤਾ ਹੋਣੀ ਇੱਕ ਵੱਡੀ ਗਲਤੀ ਹੋਵੇਗੀ। ਸਪੀਕਰ ਲਈ ਯੋਗ ਮੈਂਬਰ ਲੱਭਣਾ ਵੀ ਚੁਣੌਤੀ ਬਣੀ ਹੋਈ ਸੀ। ਨਵੀਂ ਵਜ਼ਾਰਤ ਦਾ 21 ਮਾਰਚ ਨੂੰ ਅਸੈਂਬਲੀ ਵਿੱਚ ਪਹਿਲਾ ਸੈਸ਼ਨ ਹੋਣਾ ਸੀ। ਗਲੈਂਸੀ ਚਿੰਤਤ ਸੀ ਕਿ ਨਵੀਂ ਵਜ਼ਾਰਤ ਸੈਸ਼ਨ ਕਿਸ ਤਰ੍ਹਾਂ ਸਫਲਤਾਪੂਰਵਕ ਸੰਪੰਨ ਕਰੇਗੀ।[22]

ਗਲੈਂਸੀ ਨੇ ਪੰਜਾਬ ਦੇ 29 ਜ਼ਿਲਿਆਂ ਵਿੱਚੋਂ 25 ਜ਼ਿਲਿਆਂ ਦੇ ਆਪਣੇ ਦੌਰੇ ਦੌਰਾਨ ਮੁਸਲਿਮ ਲੀਗ ਦੇ ਸਥਾਨਕ, ਜ਼ਿਲਾ ਤੇ ਦਿਹਾਤੀ ਪੱਧਰ ਦੇ ਆਗੂਆਂ ਤੋਂ ਸ਼ਿਕਾਇਤਾਂ ਸੁਣੀਆਂ ਕਿ ਖਿਜ਼ਰ ਸਰਕਾਰ ਨੇ ਉਨ੍ਹਾਂ ਨੂੰ ਚੋਣਾਂ ਦੀ ਮੁਹਿੰਮ ਦੌਰਾਨ ਜ਼ਲੀਲ ਕੀਤਾ ਸੀ।

ਦੂਜੇ ਪਾਸੇ ਵਜ਼ਾਰਤ ਬਣਨ ਤੋਂ ਬਾਦ ਗਲੈਂਸੀ ਨੇ ਵਾਇਸਰਾਏ ਨੂੰ 15 ਮਾਰਚ, 1946 ਨੂੰ ਲਿਖਿਆ, "ਖਿਜ਼ਰ ਨੂੰ ਹਰ ਤਰ੍ਹਾਂ ਨਾਲ ਸਤਾਇਆ ਜਾ ਰਿਹਾ ਹੈ। ਉਹ ਸਿਹਤਯਾਬ ਵੀ ਨਹੀਂ ਹੈ ਅਤੇ ਉਹ ਪ੍ਰੀਮੀਅਰਸ਼ਿਪ ਤੋਂ ਸੇਵਾਮੁਕਤ ਹੋ ਕੇ ਖੁਸ਼ ਹੋਵੇਗਾ। ਪਰ ਉਹ ਅਜੇ ਤੱਕ ਕਿਸੇ ਐਸੇ ਸਖਸ਼ ਨੂੰ ਲੱਭਣ ਵਿੱਚ ਸਫਲ ਨਹੀਂ ਹੋਇਆ ਜੋ ਉਸਦੀ ਜਗ੍ਹਾ ਲੈ ਸਕੇ। ਨਾ ਹੀ ਉਹ ਅਜੇ ਤੱਕ ਤੀਜਾ ਮੁਸਲਿਮ ਮੰਤਰੀ ਲੱਭਣ ਵਿੱਚ ਕਾਮਯਾਬ ਹੋਇਆ ਹੈ ਤੇ ਨਾ ਹੀ ਸਪੀਕਰ ਲਈ ਕਿਸੇ ਢੁਕਵੇਂ ਉਮੀਦਵਾਰ ਨੂੰ ਲੱਭਿਆ ਹੈ। ਮੁਸਲਿਮ ਲੀਗ ਦਾ ਪਾਕਿਸਤਾਨ ਦੀ ਮੰਗ ਦੇ ਰੌਲਾ ਰੱਪਾ ਵੀ ਸਪੱਸ਼ਟ ਤੌਰ ਤੇ ਗੈਰ-ਮੁਸਲਮਾਨਾਂ ਨੂੰ ਵੱਖਰਾ ਕਰਨ ਲਈ ਹੈ।"[23]

ਬਹੁਤ ਸਾਰੀਆਂ ਮੁਸ਼ਕਿਲਾਂ ਦੇ ਬਾਵਜੂਦ ਕੋਲੀਸ਼ਨ ਵਜ਼ਾਰਤ ਹੋਂਦ ਵਿੱਚ ਆ ਗਈ। ਇਸਦੇ ਮੁੱਖ ਵਜ਼ੀਰ ਏਸ ਤਰ੍ਹਾਂ ਸਨ:- ਮੁੱਖ ਮੰਤਰੀ- ਖਿਜ਼ਰ ਹਯਾਤ ਖਾਨ, ਵਿੱਤ ਮੰਤਰੀ- ਭੀਮ ਸੇਨ ਸੱਚਰ, ਸਿੱਖਿਆ ਮੰਤਰੀ- ਮੀਆਂ ਮੁਹੰਮਦ ਇਬਰਾਹਿਮ ਬਰਕ, ਵਿਕਾਸ ਮੰਤਰੀ - ਸਰਦਾਰ ਬਲਦੇਵ ਸਿੰਘ, ਮਾਲ ਮੰਤਰੀ - ਸਰ ਮੁਜ਼ੱਫਰ ਅਲੀ ਖਾਨ ਕਿਜ਼ਿਲਬਾਸ਼। ਬਾਦ ਵਿੱਚ ਸਰਦਾਰ ਬਲਦੇਵ ਸਿੰਘ ਦੇ ਕੇਂਦਰੀ ਮੰਤਰੀ ਮੰਡਲ ਵਿੱਚ ਜਾਣ ਕਰਕੇ ਉਨ੍ਹਾਂ ਦੀ ਜਗ੍ਹਾ ਸਰਦਾਰ ਸਵਰਨ ਸਿੰਘ ਨੇ ਲੈ ਲਈ।[24]

ਕੋਲੀਸ਼ਨ ਵਜ਼ਾਰਤ ਦਾ ਹਿੱਸਾ ਬਣਨ ਲਈ ਸ਼ੁਰੂ ਵਿੱਚ ਅਕਾਲੀ ਤਿਆਰ ਨਹੀਂ ਸਨ। ਗਿਆਨੀ ਕਰਤਾਰ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ ਆਪਣਾ ਮੱਤ ਬਿਆਨ ਕੀਤਾ... "ਕਾਂਗਰਸ ਇੱਕ ਹਿੰਦੂ ਸੰਸਥਾ ਹੈ ਜਿਸ ਉੱਤੇ ਸਿੱਖਾਂ ਦੇ ਹਿੱਤਾਂ ਦਾ ਸਮਰਥਨ ਕਰਨ ਦੇ ਮੁੱਦੇ ਉੱਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ।"

ਵੱਖਰੇ ਸਿੱਖ ਰਾਜ ਦੀ ਮੰਗ ਜ਼ੋਰ ਫੜ ਰਹੀ ਸੀ। ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਨੇ ਕਈ ਥਾਵਾਂ ਤੇ ਮੀਟਿੰਗਾਂ ਕਰਕੇ ਲੋਕਾਂ ਤੋਂ ਵੱਖਰੇ ਸਿੱਖ ਰਾਜ ਦੀ ਮੰਗ ਲਈ ਵਿਚਾਰਾਂ ਕੀਤੀਆਂ। 9 ਮਾਰਚ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਨਰਲ ਮੀਟਿੰਗ ਵਿੱਚ 'ਆਜ਼ਾਦ ਸਿੱਖ ਰਾਜ' ਲਈ ਮਤਾ ਪਾਸ ਕੀਤਾ।[25]

ਪਰ ਜਲਦ ਹੀ ਅਕਾਲੀ ਦਲ ਤੇ ਵੀ ਸਿਆਸੀ ਰੰਗ ਚੜਨ ਲੱਗਾ। ਅਬੁਲ ਕਲਾਮ ਅਜ਼ਾਦ ਦੀ ਸਲਾਹ ਨਾਲ ਸੂਬੇ ਵਿੱਚ ਅਕਾਲੀ, ਕਾਂਗਰਸ ਅਤੇ ਯੂਨਿਆਨਿਸਟ ਸਰਕਾਰ ਕਾਇਮ ਹੋ ਗਈ। ਪੰਜਾਬ ਵਿੱਚ ਹਿੰਦੂ-ਸਿੱਖ-ਮੁਸਲਿਮ ਕੋਲੀਸ਼ਨ ਵਜ਼ਾਰਤ ਦੇ ਵਿਰੋਧ ਵਿੱਚ ਮੁਸਲਿਮ ਲੀਗ ਨੇ 7 ਮਾਰਚ ਨੂੰ ਪੂਰੇ ਸੂਬੇ ਵਿੱਚ ਹੜਤਾਲਾਂ ਕੀਤੀਆਂ ਅਤੇ 9 ਮਾਰਚ ਨੂੰ 'ਗੱਦਾਰ ਦਿਵਸ' ਮਨਾਇਆ।[26] ਖਾਸ ਤੌਰ ਤੇ ਲਾਹੌਰ ਵਿੱਚ 6 ਅਤੇ 7 ਮਾਰਚ ਨੂੰ ਵਿਰੋਧ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਜਿੱਥੇ ਮੁਸਲਿਮ ਬੁਲਾਰਿਆਂ ਨੇ ਪੰਜਾਬ ਦੀ ਕੋਲੀਸ਼ਨ ਵਜ਼ਾਰਤ ਨੂੰ ਮੁਸਲਮਾਨਾਂ ਦੇ ਜਾਇਜ਼ ਅਧਿਕਾਰ ਕੁਚਲਣ ਲਈ ਮਹਿਜ਼ ਇੱਕ ਯੰਤਰ ਦੱਸਿਆ। ਇਹ ਵੀ ਕਿਹਾ ਗਿਆ ਕਿ ਹਿੰਦੂ ਦੁਕਾਨਾਂ ਦਾ ਬਾਈਕਾਟ ਕੀਤਾ ਜਾਵੇ ਅਤੇ ਮੁਸਲਮਾਨ ਨੈਸ਼ਨਲ ਗਾਰਡਜ਼ ਨੂੰ ਮਜ਼ਬੂਤ ਕੀਤਾ ਜਾਵੇ।[27] ਪ੍ਰੀਮੀਅਰ ਦੇ ਘਰ ਦੇ ਬਾਹਰ ਵੀ ਮੁਸਲਿਮ ਲੀਗ ਵਿਦਿਆਰਥੀਆਂ ਨੇ ਰੌਲੇ ਰੱਪੇ ਅਤੇ ਗਾਲੀ ਗਲੋਚ ਕਰਨ ਵਾਲਾ ਪ੍ਰਦਰਸ਼ਨ ਕੀਤਾ। ਇਸੇ ਤਰ੍ਹਾਂ ਦਾ ਵਿਰੋਧ ਪ੍ਰਦਰਸ਼ਨ ਕਰਦਿਆਂ ਵਿਦਿਆਰਥੀਆਂ ਦਾ ਟਾਕਰਾ ਸਨਾਤਨ ਧਰਮ ਕਾਲਜ ਦੇ ਵਿਦਿਆਰਥੀਆਂ ਨਾਲ ਹੋਇਆ

ਜਿਸਨੇ ਹਿੰਸਕ ਰੂਪ ਲੈ ਲਿਆ। ਪੱਥਰ, ਡੰਡੇ, ਸੋਟੀਆਂ ਅਤੇ ਇੱਥੋਂ ਤੱਕ ਕਿ 2 ਰਾਊਂਡ ਗੋਲੀਆਂ ਵੀ ਚੱਲੀਆਂ। ਸਿੱਟੇ ਵਜੋਂ ਦੋ ਲੋਕ ਜ਼ਖਮੀ ਹੋਏ। ਕੁੱਲ 11 ਲੋਕਾਂ ਨੂੰ ਸੱਟਾਂ ਵੱਜੀਆਂ। ਇੱਕ ਮੁਸਲਮਾਨ ਦੀ ਮੌਤ ਹੋ ਗਈ।[28]

12 ਮਾਰਚ ਨੂੰ ਸਨਾਤਨ ਧਰਮ ਕਾਲਜ ਦੇ ਕੁਝ ਵਿਦਿਆਰਥੀਆਂ ਨੇ ਕਾਲਜ ਅੱਗੋਂ ਲੰਘਦੇ (ਪਸ਼ੂਆਂ ਨੂੰ ਬੁੱਚੜਖਾਨੇ ਲੈ ਕੇ ਜਾਂਦੇ) ਮੁਸਲਮਾਨਾਂ ਉੱਤੇ ਪੱਥਰ ਸੁੱਟੇ। ਸਿੱਟੇ ਵਜੋਂ ਲਾਹੌਰ ਜ਼ਿਲਾ ਮੈਜਿਸਟ੍ਰੇਟ ਨੇ ਧਾਰਾ 144 CrPC ਅਧੀਨ 21 ਦਿਨਾਂ ਵਿੱਚ ਲਾਹੌਰ ਦੀ ਮਿਊਂਸੀਪਲ ਹੱਦ ਅੰਦਰ ਹਥਿਆਰ ਲੈ ਜਾਣ, ਜਨਤਕ ਮੀਟਿੰਗਾਂ, ਕਿਸੇ ਵੀ ਜਨਤਕ ਥਾਂ ਉੱਤੇ ਪੰਜ ਵਿਅਕਤੀਆਂ ਤੋਂ ਵੱਧ ਦੇ ਇਕੱਠ ਕਰਨ ਅਤੇ ਜਨਤਕ ਵਿਰੋਧ ਪ੍ਰਦਰਸ਼ਨ ਕਰਨ ਉੱਤੇ ਰੋਕ ਲਗਾ ਦਿੱਤੀ।[29]

15 ਮਾਰਚ ਨੂੰ ਅੰਮ੍ਰਿਤਸਰ ਵਿੱਚ ਫਿਰਕੂ ਦੰਗਾ ਹੋਇਆ। ਦੋ ਪਾਣੀ ਨਾਲ ਲੱਦੇ ਗੱਡੇ ਜੋ ਕਿ ਮੰਦਰ ਵਿੱਚ ਮਨਾਈ ਜਾ ਰਹੀ ਹੋਲੀ ਵਿੱਚੋਂ ਭਾਗ ਲੈ ਕੇ ਪਰਤ ਰਹੇ ਸਨ ਇੱਕ ਐਸੇ ਬੁਲੰਦ ਗੇਟ ਵਿੱਚੋਂ ਲੰਘੇ ਜੋ ਮੁਸਲਮਾਨਾਂ ਦੇ ਸਲਾਨਾ ਜਲੂਸ ਲਈ ਰਾਖਵਾਂ ਸੀ। ਇਸ ਹਮਲੇ ਵਿੱਚ 9 ਹਿੰਦੂ ਜ਼ਖਮੀ ਹੋਏ। ਉਹਨਾਂ ਵਿੱਚੋਂ ਦੋ ਦੀ ਮੌਕੇ ਤੇ ਹੀ ਮੌਤ ਹੋ ਗਈ। ਦਿਨ ਸਮੇਂ ਇਹ ਮੁਸਲਮਾਨਾਂ ਦਾ ਇਕੱਠ ਬੇਕਾਬੂ ਹੋਣ ਲੱਗਾ ਜਿਸ ਕਰਕੇ ਪੁਲਿਸ ਨੂੰ ਲਾਠੀ-ਚਾਰਜ ਕਰਕੇ ਲੋਕਾਂ ਨੂੰ ਖਦੇੜਨਾ ਪਿਆ। ਭੀੜ ਦੇ ਖਿਲਰਣ ਹੋਣ ਤੋਂ ਬਾਦ ਪਤਾ ਲੱਗਾ ਕਿ ਇਸ ਝੜੱਪ ਵਿੱਚ 1 ਸਿੱਖ, 2 ਹਿੰਦੂ ਮਾਰੇ ਗਏ ਤੇ ਦੋ ਮੁਸਲਮਾਨ ਜ਼ਖਮੀ ਹੋਏ। ਇੱਕ ਕਾਂਸਟੇਬਲ ਨੂੰ ਵੀ ਵੱਟੇ ਮਾਰਨ ਕਾਰਨ ਸੱਟ ਲੱਗੀ। ਸਿੱਟੇ ਵਜੋਂ ਮੈਜਿਸਟ੍ਰੇਟ ਨੇ ਧਾਰਾ 144 ਅਧੀਨ ਸ਼ਹਿਰ ਵਿੱਚ ਕਰਫਿਊ ਲੱਗ ਗਿਆ ਤੇ ਦੋ ਵੱਧ ਵਿਅਕਤੀਆਂ ਦੇ ਇਕੱਠ ਅਤੇ ਵਿਰੋਧ ਪ੍ਰਦਰਸ਼ਨ ਕਰਨ ਉੱਤੇ ਰੋਕ ਲਗਾ ਦਿੱਤੀ।[30]

ਹਿੰਦੂ ਯੁਵਕ ਵੱਡੀ ਗਿਣਤੀ ਵਿੱਚ ਸੰਘ ਵਿੱਚ ਸ਼ਾਮਿਲ ਹੋ ਰਹੇ ਸਨ। ਲਾਹੌਰ ਵਿੱਚ ਵੀ ਐਸ.ਡੀ. ਕਾਲਜ ਦੀ ਮੁਸਲਿਮ ਵਿਦਿਆਰਥੀਆਂ ਨਾਲ ਝੜੱਪ ਹੋ ਜਾਣ ਤੋਂ ਬਾਦ ਵੱਡੀ ਗਿਣਤੀ ਵਿੱਚ ਵਿਦਿਆਰਥੀ ਸੰਘ ਦਾ ਹਿੱਸਾ ਬਣਨ ਲੱਗੇ। ਅੰਮ੍ਰਿਤਸਰ ਵਿੱਚ ਵੀ ਸਾਰੇ ਫਿਰਕੂ ਫਸਾਦਾਂ ਵਿੱਚ ਸੰਘ ਦਾ ਨਾਮ ਸ਼ਾਮਿਲ ਸੀ।[31]

ਅਪ੍ਰੈਲ ਵਿੱਚ ਗਲੈਂਸੀ ਦੀ ਜਗ੍ਹਾ ਜੈਨਕਿਨਜ਼ ਨੇ ਪੰਜਾਬ ਗਵਰਨਰ ਦਾ ਅਹੁੱਦਾ ਸਾਂਭਿਆ। ਉਸਨੇ ਮਾਹੌਲ ਦੀ ਨਾਜ਼ੁਕਤਾ ਨੂੰ ਭਾਂਪਦਿਆਂ ਵਾਇਸਰਾਏ ਨੂੰ 15 ਅਪ੍ਰੈਲ, 1946 ਨੂੰ ਲਿਖਿਆ, "ਕੈਬਨਿਟ ਮਿਸ਼ਨ ਦੀਆਂ ਯੋਜਨਾਵਾਂ ਦੇ ਅਸਮੰਜਸ ਕਰਕੇ ਮੁਸਲਿਮ ਲੀਗ,

ਕਾਂਗਰਸ ਅਤੇ ਸਿੱਖ ਲੀਡਰਾਂ ਦੇ ਭੜਕਾਊ ਬਿਆਨਾਂ ਕਰਕੇ ਸ਼ਹਿਰਾਂ ਵਿੱਚ ਗੰਭੀਰ ਸਿਆਸੀ ਅਣਸੁਖਾਵਾ ਮਾਹੌਲ ਅਤੇ ਫਿਰਕੂ ਗੜਬੜ ਫੈਲ ਗਈ ਹੈ। ਅੰਮ੍ਰਿਤਸਰ ਅਤੇ ਲਾਹੌਰ ਵਿੱਚ ਕਿਸੇ ਵੀ ਸਮੇਂ ਅੰਗਰੇਜ਼-ਵਿਰੋਧੀ ਦੰਗੇ ਜਾਂ ਸੰਪਰਦਾਇਕ ਦੰਗੇ ਫੈਲ ਸਕਦੇ ਹਨ। ਦਿਹਾਤੀ ਇਲਾਕਿਆਂ ਵਿੱਚ ਆਮ ਲੋਕਾਂ ਨੂੰ ਪੰਜਾਬ ਦੇ ਸਿਆਸੀ ਭਵਿੱਖ ਬਾਰੇ ਬਹੁਤਾ ਧਿਆਨ ਨਹੀਂ ਹੈ। ਵਿਸ਼ੇਸ਼ ਤੌਰ ਤੇ ਸਿੱਖ ਧਾਰਮਿਕ ਲੋਕ ਲਹਿਰਾਂ (ਜਿਸ ਵਿੱਚ ਪੂਰਾ ਪਿੰਡ ਸ਼ਾਮਿਲ ਹੋ ਜਾਂਦਾ ਹੈ), ਦੀਆਂ ਤਕਨੀਕਾਂ ਨੂੰ ਰਾਜਨੀਤਿਕ ਹਮਲੇ ਵਿੱਚ ਤਬਦੀਲ ਕਰ ਸਕਦੇ ਹਨ।"[32]

ਉਸ ਅਨੁਸਾਰ, "ਵਜ਼ਾਰਤ ਦੀ ਟੀਮ ਦਾ ਮਿਜਾਜ ਖੁਸ਼ ਨਹੀਂ ਹੈ। ਖਿਜਰ 'ਬਿਨਾਂ ਫੌਜ ਤੋਂ ਕਮਾਂਡਰ' ਜਾਪ ਰਿਹਾ ਹੈ।" ਜੈਨਕਿਨਜ਼ ਨੇ ਵਜ਼ਾਰਤ ਦੇ ਮੁਸਲਿਮ ਮੰਤਰੀਆਂ ਦੀ ਸਿਆਸੀ ਯੋਗਤਾ ਦਾ ਮੁਲਾਂਕਣ ਕਰਦਿਆਂ ਆਖਿਆ, "ਨਵਾਬ ਸਰ ਮੁਜ਼ੱਫਰ ਅਲੀ ਕਿਜ਼ਿਲਬਾਸ਼, ਮਾਲ ਮੰਤਰੀ ਨੂੰ ਸਵੈ-ਪ੍ਰਬੰਧ ਦਾ ਚੰਗਾ ਤਜ਼ਰਬਾ ਹੈ। ਚੋਣਾਂ ਤੋਂ ਪਹਿਲਾਂ ਉਹ ਅਸੈਂਬਲੀ ਵਿੱਚ ਕਾਫੀ ਪ੍ਰਭਾਵਦਾਰ ਸੀ। ਮੁਹੰਮਦ ਇਬਰਾਹਿਮ ਬਰਕ ਸਿੱਖਿਆ ਮੰਤਰੀ ਮੁਜ਼ੱਫਰਗੜ ਜ਼ਿਲੇ ਦੇ ਪੱਛੜੇ ਇਲਾਕੇ ਨਾਲ ਸੰਬੰਧਤ ਹੈ ਅਤੇ ਉਸਨੇ ਕਿਸੇ ਖੇਤਰ ਵਿੱਚ ਕੋਈ ਬਹੁਤਾ ਤਜ਼ਰਬਾ ਨਹੀਂ ਹੈ।ਯੂਨਿਅਨਿਸਟ ਮੌਜੂਦਾ ਸਮੇਂ ਮੁੱਖ ਸਿਆਸੀ ਖੇਡ ਵਿਚੋਂ ਬਾਹਰ ਹਨ। ਖਿਜ਼ਰ ਅਤੇ ਉਸਦੇ ਦੋਵਾਂ ਮੁਸਲਿਮ ਮੰਤਰੀਆਂ ਨੂੰ ਸਪੱਸ਼ਟ ਹੈ ਕਿ ਉਹ ਕਾਂਗਰਸ ਲੀਗ ਜਾਂ ਲੀਗ ਤੇ ਸਿੱਖਾਂ ਵਿੱਚ ਸਮਝੌਤਾ ਹੋਣ ਤੇ ਵਜ਼ਾਰਤ ਵਿੱਚੋਂ ਕੱਢੇ ਜਾ ਸਕਦੇ ਹਨ ਅਤੇ ਕਿਸੇ ਵੀ ਸਮੇਂ ਅਸਤੀਫਾ ਦੇ ਕੇ ਮੌਜੂਦਾ ਸਰਕਾਰ ਨੂੰ ਤੋੜ ਸਕਦੇ ਹਨ।"[33]

ਗਵਰਨਰ ਨੂੰ ਦੋਹਾਂ ਮੁੱਖ ਕਾਂਗਰਸੀ ਮੰਤਰੀਆਂ ਭੀਮ ਸੈਨ ਸੱਚਰ (ਵਿੱਤ) ਅਤੇ ਚੌਧਰੀ ਲਹਿਰੀ ਸਿੰਘ (ਲੋਕ ਭਲਾਈ) ਦੇ ਯੂਨਿਅਨਿਸਟਾਂ ਪ੍ਰਤੀ ਨਾਕਾਰਾਤਮਕ ਰਵੱਈਏ ਦਾ ਵੀ ਭੇਤ ਸੀ। ਉਸਨੇ ਲਿਖਿਆ, "ਭੀਮ ਸੈਨ ਸੱਚਰ ਨਾਲ ਲੰਮੀ ਵਾਰਤਾਲਾਪ ਤੋਂ ਬਾਦ ਇਹ ਸੰਕੇਤ ਮਿਲੇ ਹਨ ਕਿ ਉਹ ਨਿੱਜੀ ਤੌਰ ਤੇ ਲੀਗ ਨਾਲ ਸਿਆਸੀ ਸੌਦਾ ਕਰਨ ਲਈ ਤਿਆਰ ਹੁੰਦਾ ਪਰ ਅਫਸੋਸ ਕਿ ਇਹ ਅਸੰਭਵ ਸਾਬਿਤ ਹੋਇਆ ਹੈ।"[34]

ਜੈਨਕਿਨਜ਼ ਅਨੁਸਾਰ, "ਸੱਚਰ ਇੱਕ ਧੀਮਾ, ਨਰਮ ਮਿਜਾਜ, ਨਿਰਵਿਵਾਦ ਮਾਨਵਤਾਵਾਦੀ ਭਾਵਨਾ ਨਾਲ ਭਰਪੂਰ ਇਨਸਾਨ ਹੈ ਪਰ ਉਸਨੂੰ ਸ਼ਾਸਨ ਪ੍ਰਬੰਧ ਦਾ ਕੋਈ ਤਜ਼ਰਬਾ ਨਹੀਂ ਹੈ। ਉਹ ਰੋਜ਼ ਦਰਬਾਰ ਸਜਾ ਕੇ ਅਧਿਕਾਰੀਆਂ ਵਿਰੁੱਧ ਸ਼ਿਕਾਇਤ ਸੁਣਦਾ ਹੈ।" ਇਸੇ ਸੰਦਰਭ ਵਿੱਚ ਉਸਨੇ ਲਾਹੌਰ ਦੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਇੱਕ ਸਬ-

ਇੰਸਪੈਕਟਰ ਨੂੰ ਮੁਅੱਤਲ ਤੇ ਉਸਦੀ ਬਦਲੀ ਕਰਨ ਲਈ ਆਖਿਆ। ਉਹ ਸਖਤ ਸਜ਼ਾਵਾਂ ਦੇਣ ਦੇ ਹੱਕ ਵਿੱਚ ਨਹੀਂ ਸੀ ਅਤੇ ਉਸਨੇ ਬਹੁਤ ਸਾਰਿਆਂ ਦੀਆਂ ਮੌਤ ਦੀਆਂ ਸਜ਼ਾਵਾਂ ਉੱਤੇ ਰੋਕ ਵੀ ਲਾਈ। ਜਦੋਂ ਕਿ ਇਨ੍ਹਾਂ ਕੈਦੀਆਂ ਦੀਆਂ ਤਰਸ ਦੇ ਆਧਾਰ ਤੇ ਕੀਤੀਆਂ ਸਾਰੀਆਂ ਅਪੀਲਾਂ ਤੇ ਕਾਨੂੰਨੀ ਦਾਅ ਪੇਚ ਪਹਿਲਾਂ ਹੀ ਖਾਰਜ ਹੋ ਚੁੱਕੇ ਸਨ। ਜੈਨਕਿਨਜ਼ ਅਨੁਸਾਰ ਸੱਚਰ ਨੇ ਖਿਜ਼ਰ ਨੂੰ ਬਹੁਤ ਜ਼ਲੀਲ ਕੀਤਾ। ਪਰ ਸੱਚਰ ਪੂਰੇ ਸੂਬੇ ਵਿੱਚ ਦੌਰੇ ਕਰਕੇ ਗੱਠਜੋੜ ਵਜ਼ਾਰਤ ਲਈ ਜਨਤਕ ਸਮਰਥਨ ਦੀ ਬੇਨਤੀ ਕਰਨ ਲੱਗਾ। ਭਾਵੇਂ ਉਸਦੇ ਮਨ ਵਿੱਚ ਖਿਜ਼ਰ ਲਈ ਕੋਈ ਵਿਸ਼ੇਸ਼ ਅਪਣੱਤ ਨਹੀਂ ਸੀ। ਜੈਨਕਿਨਜ਼ ਦੀ ਨਜ਼ਰ ਵਿੱਚ ਚੌਧਰੀ ਲਹਿਰੀ ਸਿੰਘ ਇੱਕ ਕਾਂਗਰਸੀ ਹੋਣ ਨਾਲੋਂ ਆਪਣੇ 'ਜਾਟਵਾਦ' ਦਾ ਵੱਧ ਵਿਖਾਵਾ ਕਰਦਾ ਸੀ।[35]

ਖਿਜ਼ਰ ਦੀ ਵਜ਼ਾਰਤ ਵਿੱਚ ਸਭ ਤੋਂ ਮਹੱਤਵਪੂਰਣ ਮੰਤਰੀ ਸਰਦਾਰ ਬਲਦੇਵ ਸਿੰਘ ਸੀ। ਉਸਨੇ ਅਤੇ ਹੋਰ ਸਿੱਖ ਲੀਡਰਾਂ ਨੇ ਇਕੱਠਿਆਂ ਕੈਬਨਿਟ ਮਿਸ਼ਨ ਦੇ ਸਾਹਮਣੇ 'ਏਕੀਕ੍ਰਿਤ ਮੋਰਚਾ' ਪੇਸ਼ ਕੀਤਾ। ਉਸਨੇ ਖਿਜ਼ਰ ਬਾਰੇ ਲਿਖਿਆ, "ਉਸ ਵਿੱਚ ਬਹੁਤ ਪ੍ਰਸੰਸਾਯੋਗ ਗੁਣ ਹਨ। ਉਹ ਨਸਲਵਾਦ ਤੋਂ ਪਰ੍ਹੇ ਹੈ ਅਤੇ ਕਾਫੀ ਹੱਦ ਤੱਕ ਉਸ ਵਿੱਚ ਫਿਰਕੂ ਮੱਤਭੇਦ ਨਹੀਂ ਹਨ। ਉਹ ਸੁਭਾਵਕ ਵਰਤਾਅ ਕਰਦਾ ਹੈ ਤੇ ਵਾਰਤਾਲਾਪ ਵਿੱਚ ਕਾਫੀ ਖੁੱਲ ਜਾਂਦਾ ਹੈ। ਉਸਨੂੰ ਆਦਮੀਆਂ ਦੀ ਚੰਗੀ ਪਰਖ ਹੈ। ਵੱਡੇ ਮੁੱਦਿਆਂ ਸੰਬੰਧੀ ਉਹ ਵਿਸ਼ਵਾਸ ਕਰਨ ਯੋਗ ਮੰਤਰੀ ਹੈ। ਉਹ ਇਕੱਲਾ ਐਸਾ ਪੰਜਾਬੀ ਹੈ ਜੋ ਮੈਨੂੰ ਸਹੀ ਅਰਥਾਂ ਵਿੱਚ ਇੱਕ ਨੇਤਾ ਲੱਗਦਾ ਹੈ।[36] ਦੂਜੇ ਪਾਸੇ ਉਸ ਵਿੱਚ ਕਾਫੀ ਕਮੀਆਂ ਵੀ ਹਨ। ਉਹ ਆਪਣੇ ਵਿਰੋਧੀਆਂ ਤੋਂ ਨਿੱਕੇ-ਨਿੱਕੇ ਫਾਇਦੇ ਚੱਕਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਉਹ ਪੰਜਾਬ ਦੀ ਸਿਆਸਤ ਵਿੱਚ ਇੱਕ ਕਬੀਲੇ ਦੇ ਮੁਖੀ ਅਤੇ ਪੇਂਡੂ ਧੜ੍ਹਿਆਂ ਦੀਆਂ ਰਣਨੀਤੀਆਂ ਦੀ ਵਰਤੋਂ ਕਰਦਾ ਹੈ। ਅਕਸਰ ਉਸਨੂੰ ਕਿਸੇ ਮਸਲੇ ਸੰਬੰਧੀ ਆਪਣੇ ਰਾਏ ਨਿਰਧਾਰਿਤ ਕਰਨ ਵਿੱਚ ਬੇਹਿਸਾਬ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ। ਅਕਸਰ ਛੋਟੇ ਮਸਲਿਆਂ ਸੰਬੰਧੀ ਵੀ ਉਹ ਕਮਜ਼ੋਰ-ਦਿਲੀ ਦਾ ਸ਼ਿਕਾਰ ਹੋ ਜਾਂਦਾ ਹੈ ਜੋ ਕਿ ਉਹਦੇ ਅਸਲੀ ਚਰਿੱਤਰ ਨਾਲ ਮੇਲ ਨਹੀਂ ਖਾਂਦਾ। ਉਸ ਦੁਆਰਾ ਆਮ ਚੋਣਾਂ ਦੌਰਾਨ ਰਵੱਈਆ ਅਤੇ ਸਥਾਈ ਲੋਕਾਂ ਨੂੰ ਜ਼ਮੀਨ ਅਲਾਟ ਕਰਨ ਵਰਗੇ ਫੈਸਲਿਆਂ ਨੇ ਸੇਵਾਵਾਂ ਦੇ ਸਦਾਚਾਰ ਅਤੇ ਅਨੁਸ਼ਾਸਨ ਉੱਤੇ ਮਾੜਾ ਅਸਰ ਪਾਇਆ। ਜਿਸ ਕਰਕੇ ਉਸਦੀ ਜਾਇਜ਼ ਆਲੋਚਨਾ ਵੀ ਹੋਈ ਹੈ।"[37]

ਸੰਖੇਪ ਵਿੱਚ ਨਵਾਬ ਖਿਜ਼ਰ ਹਯਾਤ ਇੱਕ ਮਜ਼ਬੂਤ ਸਿਆਸੀ ਰਣਨੀਤੀਕਾਰ

ਸੀ। ਜੈਨਕਿਨਜ਼ ਅਨੁਸਾਰ, "ਉਸਦੇ ਮੰਤਵ ਸਹੀ ਹੁੰਦੇ ਹਨ ਅਤੇ ਉਸਦੀ ਸਿਆਸੀ ਦੂਰਦਰਸ਼ੀ ਸਮਝ, ਉਸਦੀ ਪਰਖ ਅਤੇ ਚੰਗੇ ਵਿਵਹਾਰ ਤੇ ਆਧਾਰਿਤ ਹੁੰਦੀ ਹੈ। ਪਰ ਉਹ ਆਪਣੀਆਂ ਯੋਜਨਾਵਾਂ ਨੂੰ ਅਮਲੀ ਰੂਪ ਦੇਣ ਸਮੇਂ ਝਿਜਕਦਾ ਹੈ, ਕਮਜ਼ੋਰ ਦਿਲੀ ਅਤੇ ਆਪਣੇ ਪ੍ਰਭਾਵਾਂ ਅਤੇ ਸਨਮਾਨਾਂ ਦੀ ਮਦਦ ਨਾਲ ਉਹ ਛੋਟਾ ਰਸਤਾ ਅਪਣਾਉਣ ਵਿੱਚ ਵਿਸ਼ਵਾਸ ਰੱਖਦਾ ਹੈ ਅਤੇ ਕਦੇ ਹੀ ਚੰਗਾ ਨਤੀਜਾ ਸਾਹਮਣੇ ਆਉਂਦਾ ਹੈ।"[38]

ਜੈਨਕਿਨਜ਼ ਨੇ ਖਿਜ਼ਰ ਨਾਲ ਆਪਣਾ ਤਜ਼ਰਬਾ ਸਾਂਝਾ ਕਰਦਿਆਂ ਲਿਖਿਆ, "ਇੰਗਲੈਂਡ ਜਾਣ ਤੋਂ ਪਹਿਲਾਂ ਉਸਨੇ ਦੋ ਮਹੀਨੇ ਮੇਰੇ ਨਾਲ ਕੰਮ ਕੀਤਾ। ਇਸ ਦੌਰਾਨ ਉਸਨੇ ਮੁਸ਼ਕਿਲ ਗੱਠਜੋੜ ਵਜ਼ਾਰਤ ਨੂੰ ਬੜੀ ਚੰਗੀ ਤਰ੍ਹਾਂ ਸਾਂਭਿਆ। ਉਸਦਾ ਧਨ ਅਤੇ ਮਹਾਨ ਪੰਜਾਬੀ ਪਰਿਵਾਰ ਨਾਲ ਸੰਬੰਧਤ ਹੋਣ ਦਾ ਸਥਾਈ ਰੁੱਤਬਾ ਉਸਦੇ ਨਿੱਜੀ ਸੰਗਠਨ ਦੀ ਗਾਰੰਟੀ ਹਨ। ਉਸਦਾ ਮਾੜੇ ਤੋਂ ਮਾੜਾ ਦੁਸ਼ਮਣ ਵੀ ਇਹ ਨਹੀਂ ਕਹਿ ਸਕਦਾ ਕਿ ਉਹ ਸਿਆਸਤ ਵਿੱਚ ਕੀ ਕੁਝ ਕਰ ਸਕਦਾ ਹੈ।" ਜੈਨਕਿਨਜ਼ ਨੇ ਕਿਹਾ "ਉਸਨੂੰ ਲੱਗਦਾ ਹੈ ਕਿ ਉਹ ਕਿਸੇ ਵੀ ਸਮੇਂ ਅਸਤੀਫਾ ਦੇ ਸਕਦਾ ਹੈ ਅਤੇ ਆਪਣੀ ਅਸਟੇਟ ਵਿੱਚ ਵਾਪਿਸ ਜਾ ਸਕਦਾ ਹੈ। ਪਰ ਭਾਵੇਂ ਉਸ ਵਿੱਚ ਕਮਜ਼ੋਰੀਆਂ ਵੀ ਹਨ, ਫੇਰ ਵੀ ਪੰਜਾਬ ਵਿੱਚ ਮੌਜੂਦਾ ਸਮੇਂ ਕੋਈ ਵੀ ਐਸਾ ਨਹੀਂ ਜੋ ਉਸਨੂੰ ਛੂਹ ਸਕੇ।" ਬਿਨ੍ਹਾਂ ਸ਼ੱਕ ਖਿਜ਼ਰ ਨੇਕ ਦਿਲ, ਨਿਰਪੱਖ ਅਤੇ ਜ਼ਿੰਮੇਵਾਰ ਪ੍ਰੀਮੀਅਰ ਸੀ। ਉਹ ਫਿਰਕੂ ਸੋਚ ਤੋਂ ਬਹੁਤ ਪਰੇ ਸੀ। ਪਰ ਤਾਕਤ ਅਤੇ ਫਿਰਕੂ ਜਨੂੰਨ ਅੱਗੇ ਉਹ ਫਿੱਕਾ ਪੈ ਗਿਆ।

ਚੌਧਰੀ ਲਹਿਰੀ ਸਿੰਘ ਉਸਦਾ ਜਨਤਕ ਭਲਾਈ ਮੰਤਰੀ ਸੀ। ਉਹ ਰੋਹਤਕ ਜ਼ਿਲ੍ਹੇ ਦੇ ਛੋਟੇ ਕਸਬੇ ਸੋਨੀਪਤ ਦਾ ਜਾਟ ਵਕੀਲ ਸੀ। ਉਹ ਸਹੀ ਅਰਥਾਂ ਵਿਚੋਂ ਕਾਂਗਰਸ ਨੇਤਾ ਤੋਂ ਵੱਧ ਇੱਕ ਜਾਟ ਸੀ। ਉਹਦੀ ਦਿੱਖ ਅਤੇ ਹੁਸ਼ਿਆਰੀ ਸੀਮਿਤ ਸੀ। ਉਹਦੇ ਬੇਤੁਕੇ ਭਾਸ਼ਣਾਂ ਅਤੇ ਜਲਦਬਾਜ਼ੀ 'ਚ ਕੀਤੇ ਵਾਦਿਆਂ ਕਰਕੇ ਉਸਨੇ ਸਹਿ-ਕਰਮੀਆਂ ਨੂੰ ਸ਼ਰਮਿੰਦਾ ਕੀਤਾ। ਸਿੱਖਿਆ ਮੰਤਰੀ ਦੀ ਤਰ੍ਹਾਂ ਉਹ ਕਿਸਾਨਾਂ ਦੇ ਸੂਬੇ ਦੇ ਪੱਧਰ ਦੀਆਂ ਯੋਗਤਾਵਾਂ ਵਾਲਾ ਨਹੀਂ ਸੀ ਅਤੇ ਉਹ ਸਿੱਖਿਆ ਮੰਤਰੀ ਵਾਂਗ ਤੱਥਾਂ ਨੂੰ ਲੁਕਾਉਂਦਾ ਵੀ ਨਹੀਂ ਸੀ। ਉਹ ਜਿੰਨੀ ਵਾਰ ਵੀ ਬੋਲਦਾ ਆਪਣਾ ਹੀ ਭੇਤ ਖੋਲ੍ਹਦਾ। ਜੈਨਕਿਨਜ਼ ਅਨੁਸਾਰ, "ਮੈਨੂੰ ਪਤਾ ਨਹੀਂ ਉਹ ਇਸ ਕੈਬਨਿਟ ਵਿੱਚ ਕਿੰਨੀ ਦੇਰ ਰਹੇਗਾ ਅਤੇ ਲੱਗਦਾ ਨਹੀਂ ਕਿ ਦੁਬਾਰਾ ਕਦੇ ਸ਼ਾਮਿਲ ਵੀ ਕੀਤਾ ਜਾਵੇਗਾ।"[39]

ਕੋਲੀਸ਼ਨ ਵਜ਼ਾਰਤ ਉਂਞ ਠੋਸ ਅਤੇ ਪ੍ਰਸ਼ਾਸਕੀ ਯੋਗਤਾਵਾਂ ਨਹੀਂ ਸੀ ਰੱਖਦੀ।

ਮੁਸਲਿਮ ਲੀਗ ਦੁਆਰਾ 16 ਅਗਸਤ, 1946 ਨੂੰ 'ਸਿੱਧੀ ਕਾਰਵਾਈ ਦਾ ਦਿਨ' ਮਿੱਥੇ ਜਾਣ ਕਾਰਨ ਫਿਰਕੂ ਸਰਗਰਮੀਆਂ ਹੋਰ ਤੇਜ਼ ਹੋ ਗਈਆਂ। 16 ਅਗਸਤ, 1946 ਦੇ ਦਿਨ ਬੰਗਾਲ ਅਤੇ ਬਿਹਾਰ ਵਿੰਚ ਕਈ ਥਾਵਾਂ ਤੇ ਭਿਆਨਕ ਫਿਰਕੂ ਹਿੰਸਾ ਹੋਈ। ਜਿਸਦੀ ਅੱਗ ਦੀਆਂ ਲਪਟਾਂ ਪੰਜਾਬ ਤੱਕ ਪਹੁੰਚਣ ਲੱਗੀਆਂ। ਨਵੰਬਰ ਵਿੱਚ ਰੋਹਤਕ ਵਿੱਚ ਸਥਿਤੀ ਕਾਬੂ ਤੋਂ ਬਾਹਰ ਹੋਣ ਲੱਗੀ। ਦਸੰਬਰ 1946 ਅਤੇ ਜਨਵਰੀ 1947 ਵਿੱਚ ਉੱਤਰ-ਪੱਛਮੀ ਸੀਮਾ ਪ੍ਰਾਂਤ ਦੇ ਕਈ ਇਲਾਕਿਆਂ ਜਿਵੇਂ ਹਜ਼ਾਰਾ, ਪੇਸ਼ਾਵਰ, ਬੰਨੂ ਅਤੇ ਕੋਹਾਟ ਵਿੱਚ ਹਿੰਦੂ-ਸਿੱਖਾਂ ਦਾ ਮੁਕੰਮਲ ਫਿਰਕੂ ਸਫਾਇਆ ਹੋਣ ਲੱਗਾ। ਮੁਸਲਿਮ ਹਥਿਆਰਬੰਦ ਗਿਰੋਹਾਂ ਨੇ ਧਾਰਮਿਕ ਕੱਟੜਤਾ ਅਤੇ ਲੁੱਟਮਾਰ ਕਰਨ ਦੇ ਮਨਸ਼ੇ ਨਾਲ ਹਜ਼ਾਰਾਂ ਲੋਕਾਂ ਨੂੰ ਆਪਣੀ ਨਫ਼ਰਤ ਦਾ ਸ਼ਿਕਾਰ ਬਣਾਇਆ।[40] ਪੰਜਾਬ ਪ੍ਰੀਮੀਅਰ ਖਿਜ਼ਰ ਹਯਾਤ ਖਾਨ ਨੇ ਗਵਰਨਰ ਈਵਾਨ ਜੈਨਕਿਨਜ਼ ਨਾਲ ਸਲਾਹ ਮਸ਼ਵਰਾ ਕਰਕੇ ਫਿਰਕੂ ਰਾਜਨੀਤਿਕ ਪਾਰਟੀਆਂ ਦੀਆਂ ਗਤੀਵਿਧੀਆਂ ਨੂੰ ਸੀਮਿਤ ਕਰਨ ਲਈ ਵਿਸ਼ੇਸ਼ ਆਰਡੀਨੈਂਸ ਪਾਸ ਕੀਤੇ। ਸਿੱਟੇ ਵਜੋਂ ਪੁਲਿਸ ਨੇ ਮੁਸਲਿਮ ਲੀਗ ਦੇ ਲਾਹੌਰ ਵਿੱਚ ਸਥਿਤ ਦਫਤਰਾਂ ਤੇ ਛਾਪੇ ਮਾਰੇ। ਸਿੱਟੇ ਵਜੋਂ ਖਿਜ਼ਰ ਹਯਾਤ ਵਿਰੁੱਧ ਕਈ ਥਾਈਂ ਜਨਤਕ ਮੁਜਾਹਰੇ ਹੋਣ ਲੱਗੇ। ਅਜਿਹੇ ਸਮੇਂ ਇਗਲੈਂਡ ਦੇ ਪ੍ਰਧਾਨ ਮੰਤਰੀ ਐਟਲੀ ਨੇ 20 ਫਰਵਰੀ, 1947 ਨੂੰ ਘੋਸ਼ਣਾ ਕੀਤੀ ਕਿ ਅੰਗਰੇਜ਼ ਜੂਨ 1948 ਤੋਂ ਪਹਿਲਾਂ ਸ਼ਕਤੀ ਭਾਰਤੀ ਹੱਥਾਂ ਵਿੱਚ ਸੌਂਪ ਕੇ ਚਲੇ ਜਾਣਗੇ। ਹਾਲਾਤ ਹੋਰ ਬੇਕਾਬੂ ਹੋ ਗਏ।

ਇਸ਼ਤਿਆਕ ਅਹਿਮਦ ਨੇ ਲਿਖਿਆ ਹੈ ਕਿ ਫਰਵਰੀ 1947 ਵਿੱਚ ਪ੍ਰੀਮੀਅਰ ਖਿਜ਼ਰ ਖਿਲਾਫ ਲਾਏ ਕੁਝ ਨਾਅਰਿਆਂ ਲਈ ਵੱਧ ਤੋਂ ਵੱਧ ਅਭੱਦਰ ਪੰਜਾਬੀ ਵਰਤੀ ਗਈ ਸੀ।

"ਖਿਜ਼ਰ ਦੱਲਾ! ਹਾਏ! ਹਾਏ!"
"ਖਿਜ਼ਰ ਕੰਜਰ! ਹਾਏ! ਹਾਏ!"
ਖਿਜਰ ਕੁੱਤਾ! ਆਪਣੀ ਮਾਂ ਨਾਲ ਸੁੱਤਾ

ਗੁਜਰਾਤ ਵਿੱਚ ਖਿਜ਼ਰ ਨੂੰ ਜਲੀਲ ਕਰਨ ਲਈ ਲਾਏ ਗਏ ਨਾਅਰੇ ਇਸਤੋਂ ਵੀ ਅਭੱਦਰ ਸਨ:

"ਚਲੋ ਭਈ ਚਲੋ, ਏਕ ਚੀਜ਼ ਮਿਲੇਗੀ... ਕਿਆ ਭਾਈ ਕਿਆ?
ਖਿਜ਼ਰ ਕੀ ਬੇਟੀ... ਵਾਹ ਭਈ ਵਾਹ।"

ਜਦੋਂ ਖਿਜ਼ਰ ਨੇ 2 ਮਾਰਚ ਨੂੰ ਅਸਤੀਫਾ ਦਿੱਤਾ ਤਾਂ ਗਲੀਆਂ ਵਿੱਚ ਇਹ ਨਾਅਰਾ ਸੁਣਨ ਨੂੰ ਮਿਲਿਆ...

"ਤਾਜ਼ਾ ਖਬਰ ਆਈ ਹੈ, ਖਿਜ਼ਰ ਸਾਡਾ ਭਾਈ ਹੈ।"[41]

ਇਸ ਤਰ੍ਹਾਂ ਸੰਯੁਕਤ ਪੰਜਾਬ ਦੀ ਆਖਰੀ ਵਜ਼ਾਰਤ ਨੇ 11 ਮਾਰਚ, 1946 ਤੋਂ 2 ਮਾਰਚ, 1947 ਤੱਕ ਪੰਜਾਬ ਦੀ ਰਾਜਨੀਤਿਕ ਵਾਗਡੋਰ ਸਾਂਭੀ। ਫਿਰਕੂ ਵਾਇਰਸ ਤੋਂ ਸੰਕਰਮਿਤ ਸਿਆਸੀ ਤੇ ਸਮਾਜੀ ਮਾਹੌਲ ਕਾਰਨ ਕਈ ਮਿਲੀਅਨ ਲੋਕ ਘਰੋਂ ਬੇਘਰ ਹੋਏ।

## ਹਵਾਲੇ

1. Glancy to Wavell, Sep. 1, 1945 in Lionel Carter (ed.), *Punjab Politics: 1 January 1944 – 3 March 1947 Last Years of the Ministries Governor's Fortnightly Reports and Other Key Documents,* Manohar, New Delhi, 2006, p. 166.
2. Abul Kalam Azad, *India Wins Freedom*, Alchemy Publications, Kozhikode, 2023, (Reprint), pp. 148-149.
3. Glancy to Wavell, September 25, 1945 in Lionel Carter (ed.), *op. cit.*, p. 146.
4. ਅਕਾਲੀ ਦਲ ਦੇ ਦੋ ਧੜੇ ਸਨ: ਜ਼ਿਆਦਾ ਸ਼ਕਤੀਸ਼ਾਲੀ ਧੜਾ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਅਧੀਨ ਸੀ। ਦੂਜਾ ਅਕਾਲੀ ਧੜਾ ਊਧਮ ਸਿੰਘ ਨਾਗੋਕੇ ਅਤੇ ਈਸ਼ਰ ਸਿੰਘ ਮਝੈਲ ਅਧੀਨ ਕਾਰਜਸ਼ੀਲ ਸੀ। ਅਕਾਲੀ ਪਾਰਟੀ ਤੋਂ ਬਾਹਰ 'ਰਾਸ਼ਟਰਵਾਦੀ' ਸਿੱਖ ਵੀ ਸਨ ਪਰ ਉਹ ਕਾਂਗਰਸ ਹਿਮਾਇਤੀ ਸਨ ਜਿਵੇਂ ਪ੍ਰਤਾਪ ਸਿੰਘ ਕੈਰੋਂ ਅਤੇ ਸੁੰਦਰ ਸਿੰਘ ਮਜੀਠੀਆ।
5. Glancy to Wavell, September 29, 1946 in Lionel Carter (ed.), *op. cit.*, p. 148.
6. *Manifesto of the Punjab Unionist Party Election 1945*, Imperial Printing Press, Lahore, N.d.
7. ਰਾਜਮੋਹਨ ਗਾਂਧੀ, *ਪੰਜਾਬ: ਔਰੰਗਜ਼ੇਬ ਤੋਂ ਮਾਊਂਟਬੈਟਨ ਤੱਕ ਦਾ ਇਤਿਹਾਸ* (ਅਨੁਵਾਦਕ: ਹਰਪਾਲ ਸਿੰਘ ਪੰਨੂ), ਯੂਨੀਸਟਾਰ, ਚੰਡੀਗੜ੍ਹ, 2015, ਪੰਨਾ 258.
8. Glancy to Wavell, Oct. 27, 1946 in Lionel Carter (ed.), *op. cit.*, pp. 152-53.
9. *Ibid.*, p. 148.
10. ਕੁੱਲ 461 ਉਮੀਦਵਾਰ ਮੈਦਾਨ ਵਿੱਚ ਉੱਤਰੇ। ਜਿਨ੍ਹਾਂ ਵਿੱਚੋਂ ਸਭ ਤੋਂ ਵੱਧ

ਯੂਨੀਅਨਿਸਟ ਪਾਰਟੀ ਨੇ ਕੁੱਲ 99 ਉਮੀਦਵਾਰਾਂ ਨੂੰ ਚੋਣਾਂ ਵਿੱਚ ਖੜਾ ਕੀਤਾ।

11. Glancy to Wavell, September 29, 1945 in Lionel Carter (ed.), *op. cit.*, p. 148.
12. Glancy to Wavell, Oct. 27, 1945, *Ibid.*, p. 151.
13. *Ibid*.
14. Glancy to Wavell, January 16, 1946, *Ibid.*, p. 166.
15. *Ibid*.
16. Glancy to Wavell, February 2, 1946, *Ibid.*, p. 170.
17. *Ibid*.
18. *The Tribune*, February 25, 1946.
19. Glancy to Wavell, March 7, 1946, *Ibid.*, pp. 175-176.
20. *Ibid*.
21. *Ibid*.
22. *Ibid*.
23. Glancy to Wavell, March 15, 1946, *Ibid.*, pp. 180-181.
24. *Hindustan Times*, March 10, 1946.
26. *Civil and Military Gazette*, March 8, 1946.
27. *Ibid*.
28. Sumit Sarkar (ed.), *Towards Freedom: Documents on the Movement for Independence in India 1946, Part 2,* Oxford, pp. 146-147.
29. *Ibid.*
30. *Ibid.*
31. *Ibid.*
32. Jenkins to Wavell, April 15, 1946, *Ibid.*, pp. 181-185.
33. *Ibid*.
35. Jenkins to Wavell, June 15, 1946, *Ibid.*, pp. 216-228.
36. *Ibid*.
37. *Ibid*.
38. *Ibid*.
39. *Ibid*.
40. Jenkins to Wavell, January 14, 1947, *Ibid.*, p. 32.
41. ਇਸ਼ਤਿਆਕ ਅਹਿਮਦ, *ਲਹੂ-ਲੁਹਾਣ, ਵੰਡਿਆ, ਵੱਢਿਆ - ਟੁੱਕਿਆ ਪੰਜਾਬ,* ਅੱਟਮ ਆਰਟ, ਪਟਿਆਲਾ, 2020, ਪੰਨਾ 181.